## ਗਮਾਡਾ ਦੀ ਕਾਰਜਕਾਰੀ ਕਮੇਟੀ ਦਸਵੀਂ ਮੀਟਿੰਗ ਲਈ ਅਜੰਡਿਆਂ ਦੀ ਸੂਚੀ

| ਅਜੰਡਾ ਆਈਟਮ ਨੰਬਰ | ਵਿਸ਼ਾ |
|---|---|
| 10.01 | ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਨੌਵੀਂ ਮੀਟਿੰਗ ਜੋ ਮਿਤੀ 9.04.2010 ਨੂੰ ਹੋਈ ਦੀ ਕਾਰਵਾਈ ਦੀ ਪੁਸਟੀ ਕਰਨ ਬਾਰੇ । |
| 10.02 | ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਮਿਤੀ 9.04.2010 ਨੂੰ ਹੋਈ ਨੌਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ । |
| 10.03 | ਚੱਪੜ ਚਿੜੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿਚ ਮੈਮੋਰੀਅਲ ਸਥਾਪਿਤ ਕਰਨ ਹਿਤ ਅਧਿਗ੍ਰਹਿਣ ਕੀਤੀ ਜਾ ਰਹੀ ਜਮੀਨ ਦੇ ਮੁਆਵਜੇ ਸਬੰਧੀ । |
| 10.04 | ਇੰਟੈਲੀਜੈਂਸ ਵਿੰਗ ਲਈ ਸਹਿਰੀ ਮਿਲਖ ਐਸ.ਏ.ਐਸ.ਨਗਰ ਵਿਖੇ 500 ਵ:ਗ: ਦਾ ਪਲਾਟ ਅਲਾਟ ਕਰਨ ਬਾਰੇ । |
| 10.05 | ਕੋ-ਆਪ੍ਰੇਟਿਵ ਹਾਊਸ ਬਿਲਡਿੰਗ ਸੋਸਾਇਟੀਆਂ ਵਲੋਂ ਦੇਰੀ ਨਾਲ ਜਮ੍ਹਾਂ ਕਰਵਾਈ ਰਕਮ ਦੀ ਦੇਰੀ ਨੂੰ ਕੰਡੋਨ ਕਰਨ ਬਾਰੇ । |
| 10.06 | ਐਸ.ਏ.ਐਸ.ਨਗਰ ਵਿਖੇ ਕਬਰਸਤਾਨ ਦੀ ਸਾਈਟ ਦੇਣ ਬਾਰੇ । |
| 10.07 | ਮੁੱਲਾਂਪੁਰ ਪਲੈਨਿੰਗ ਏਰੀਏ ਦਾ ਸਰਵੇ ਕਰਵਾਉਣ ਸਬੰਧੀ । |
| 10.08 | ਮੇਜਰ ਰੋਡ ਪ੍ਰੋਜੈਕਟਾਂ ਵਿਚੋਂ 2 ਪ੍ਰੋਜੈਕਟਾਂ ਦੀ ਉਸਾਰੀ ਦੇ ਕੰਮਾਂ ਲਈ ਐਮ.ਓ.ਆਰ.ਟੀ.ਐਚ./ਡਾਟਾ ਬੁੱਕ ਦੇ ਅਧਾਰ ਤੇ ਮਸੀਨਰੀ ਦੇ ਰੇਟ ਅਡਾਪਟ ਕਰਨ ਸਬੰਧੀ । |

1

ਗਮਾਡਾ ਦੀ ਕਾਰਜਕਾਰੀ ਕਮੇਟੀ ਦਸਵੀਂ ਮੀਟਿੰਗ ਲਈ ਸਪਲੀਮੈਂਟਰੀ ਅਜੰਡਿਆਂ ਦੀ ਸੂਚੀ

| ਅਜੰਡਾ ਆਈਟਮ ਨੰਬਰ | ਵਿਸ਼ਾ |
|---|---|
| 10.09 | ਐਸ.ਏ.ਐਸ.ਨਗਰ ਵਿਖੇ ਸੈਕਟਰ-56-ਏ ਤੋਂ ਪਿੰਡ ਝੂੰਗੀਆਂ ਤੱਕ ਐਨਐਚ-21 ਉਪਰੰਤ ਪਿੰਡ ਝੂੰਗੀਆਂ ਐਨਐਚ-95 ਤੱਕ ਖਰੜ ਬਾਈਪਾਸ ਦੀ ਉਸਾਰੀ ਬਾਰੇ । |
| 10.10 | ਐਸ.ਏ.ਐਸ.ਨਗਰ ਵਿਖੇ ਜੰਕਸ਼ਨ ਸੈਕਟਰ-73/74, ਸੈਕਟਰ-118/119 ਤੋਂ ਲੋਕਲ ਪਲੈਨਿੰਗ ਏਰੀਆ ਬਾਊਂਡਰੀ ਦੇ ਅੰਤ ਤੱਕ ਪਿੰਡ ਮਾਨਣਾ ਸੈਕਟਰ 122/123 ਤੱਕ 200/150 ਫੁੱਟ ਚੌੜੀ ਸੜਕ ਦੀ ਉਸਾਰੀ ਬਾਰੇ । |
| 10.11 | ਸੈਕਟਰ-60/70 ਅਤੇ 60/71 ਨੂੰ ਵੰਡਦੀ ਸੜਕ ਤੋਂ 66 ਕੇ.ਵੀ. ਓਵਰਹੈਡ ਲਾਈਨ ਸਿਫਟ ਕਰਕੇ ਉਸਦੀ ਜਗ੍ਹਾ ਅੰਡਰ ਗਰਾਊਂਡ ਕੇਬਲ ਪਾਉਣ ਬਾਰੇ । |

ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ, ਪੁੱਡਾ ਭਵਨ, ਸੈਕਟਰ-62,
ਐਸ.ਏ.ਐਸ.ਨਗਰ।
( ਮੀਟਿੰਗਜ ਅਤੇ ਕੋਆਰਡੀਨੇਸਨ ਸਾਖਾ )

ਅਜੰਡਾ ਆਈਟਮ ਨੰ:10.01
( ਕਾਰਜਕਾਰੀ ਦੀ ਮੀਟਿੰਗ )

ਵਿਸਾ:- ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਨੋਵੀਂ ਮੀਟਿੰਗ ਜੋ ਮਿਤੀ 09-04-2010 ਨੂੰ ਹੋਈ ਦੀ ਕਾਰਵਾਈ ਦੀ ਪੁਸਟੀ ਕਰਨ ਬਾਰੇ ।

ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਨੋਵੀਂ ਮੀਟਿੰਗ ਜੋ ਮਿਤੀ 09-04-2010 ਨੂੰ ਹੋਈ ਵਿਚ ਲਏ ਗਏ ਫੈਸਲਿਆਂ ਸਬੰਧੀ ਕਾਰਵਾਈ ਪੱਤਰ ਨੰ: ਗਮਾਡਾ-ਕੋਆ-ਅ2-2010/4763-69, ਮਿਤੀ 15-04-2010 (ਅਨੁਲੱਗ-'ੳ') ਰਾਹੀਂ ਕਮੇਟੀ ਦੇ ਮੈਂਬਰ ਸਾਹਿਬਾਨ ਨੂੰ ਸੂਚਨਾ ਹਿਤ ਜਾਰੀ ਕਰ ਦਿੱਤੀ ਸੀ ।

ਇਸ ਸਬੰਧੀ ਹੁਣ ਤੱਕ ਕਮੇਟੀ ਦੇ ਕਿਸੇ ਵੀ ਮੈਂਬਰ ਸਾਹਿਬਾਨ ਜੀ ਵਲੋਂ ਇਤਰਾਜ/ਸੋਧ ਕਰਨ ਸਬੰਧੀ ਕੋਈ ਤਜਵੀਜ / ਸੁਝਾਓ ਦਰਜ ਨਹੀਂ ਕੀਤਾ ਹੈ । ਉਕਤ ਅਨੁਸਾਰ ਮੀਟਿੰਗ ਦੀ ਕਾਰਵਾਈ ਪੁਸਟੀ ਹਿਤ ਪੇਸ ਹੈ ਜੀ।

ਪਿ:ਪੀ:ਤੋ:

ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ, ਪੁੱਡਾ ਭਵਨ, ਸੈਕਟਰ-62, ਐਸ.ਏ.ਐਸ.ਨਗਰ
(ਕੋਆਰਡੀਨੇਸ਼ਨ ਸ਼ਾਖਾ)

ਪਿੱਠ-ਅੰਕਣ ਨੰ:ਗਮਾਡਾ-ਕੋਆ-2009/ 5/12-13 ਮਿਤੀ: 22/4/2010

ਪੱਤਰ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਨ੍ਹਾਂ ਨਾਲ ਸਬੰਧਤ ਮੱਦਾਂ ਸਬੰਧੀ ਐਕਸਨ ਟੇਕਨ ਰਿਪੋਰਟ ਤੁਰੰਤ ਇਸ ਦਫਤਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ ਜੀ:-

1. ਵਧੀਕ ਮੁੱਖ ਪ੍ਰਸਾਸਕ(ਵਿੱਤ ਅਤੇ ਲੇਖਾ), ਗਮਾਡਾ, ਮੋਹਾਲੀ ।
2. ਭੋਂ ਪ੍ਰਾਪਤੀ ਕੁਲੈਕਟਰ, ਗਮਾਡਾ, ਮੋਹਾਲੀ ।

ਪ੍ਰਬੰਧਕ ਅਫਸਰ (ਕੋਆਰਡੀਨੇਸ਼ਨ),
ਗਮਾਡਾ, ਮੋਹਾਲੀ।

ਅਨੁਲੱਗ - ੳ

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
(ਤਾਲਮੇਲ/ਮੀਟਿੰਗਜ਼ ਸ਼ਾਖਾ)

ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2010/ 4763-68 ਮਿਤੀ: 15/4/10

ਸੇਵਾ ਵਿਖੇ

1) ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

2) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਵਿੱਤ ਵਿਭਾਗ,ਪੰਜਾਬ ਸਿਵਲ ਸਕੱਤਰੇਤ,
ਚੰਡੀਗੜ੍ਹ।

3) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ, ਪੰਜਾਬ
ਪੰਜਾਬ ਮਿੰਨੀ ਸਕੱਤਰੇਤ, ਚੰਡੀਗੜ੍ਹ।

4) ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
ਪੰਜਾਬ ਮਿੰਨੀ ਸਕੱਤਰੇਤ, ਚੰਡੀਗੜ੍ਹ।

5) ਮੁੱਖ ਨਗਰ ਯੋਜਨਾਕਾਰ, ਪੰਜਾਬ
ਚੰਡੀਗੜ੍ਹ।

6) ਮੁੱਖ ਪ੍ਰਸ਼ਾਸਕ
ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
ਐਸ.ਏ.ਐਸ. ਨਗਰ (ਮੁਹਾਲੀ)।

ਵਿਸ਼ਾ: - ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਨੌਵੀਂ ਮੀਟਿੰਗ ਦੀ ਕਾਰਵਾਈ ਬਾਰੇ।

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਨੌਵੀਂ ਮੀਟਿੰਗ ਜੋ ਮਿਤੀ 9-04-2010 ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ ਸੀ ਦੀ ਕਾਰਵਾਈ ਦੀ ਕਾਪੀ ਆਪ ਜੀ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ।

ਨੱਥੀ/ਉਪਰੋਕਤ ਅਨੁਸਾਰ।

ਵਧੀਕ ਮੁੱਖ ਪ੍ਰਸ਼ਾਸਕ (ਮੁ:ਦ:)

ਪਿੱਠ ਅੰਕਣ ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2010/ 4769 ਮਿਤੀ: 15/4/10

ਉਪਰੋਕਤ ਦਾ ਉਤਾਰਾ ਸਮੇਤ ਕਾਰਜਕਾਰੀ ਕਮੇਟੀ ਦੀ ਨੌਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ, ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਸੂਚਨਾ ਹਿੱਤ ਜੀ।

ਵਧੀਕ ਮੁੱਖ ਪ੍ਰਸ਼ਾਸਕ (ਮੁ:ਦ:)

ਮਾਨਯੋਗ ਸ੍ਰੀ ਐਸ ਸੀ ਅਗਰਵਾਲ, ਆਈ ਏ ਐਸ, ਮੁੱਖ ਸਕੱਤਰ, ਪੰਜਾਬ ਸਰਕਾਰ-ਕਮ-ਚੇਅਰਮੈਨ, ਕਾਰਜਕਾਰੀ ਕਮੇਟੀ, ਗਮਾਡਾ ਜੀ ਦੀ ਪ੍ਰਧਾਨਗੀ ਹੇਠ ਮਿਤੀ 9-4-2010 ਨੂੰ 9-30 ਵਜੇ ਉਹਨਾਂ ਦੇ ਦਫਤਰ ਦੇ ਪੰਜਾਬ ਸਿਵਲ ਸਕਤਰੇਤ, ਚੰਡੀਗੜ੍ਹ ਵਿਖੇ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਨੌਂਵੀ ਮੀਟਿੰਗ ਦੀ ਕਾਰਵਾਈ ।

ਮੀਟਿੰਗ ਵਿਚ ਹੇਠ ਲਿਖੇ ਮੈਂਬਰ ਹਾਜ਼ਰ ਹੋਏ :-

1) ਸ੍ਰੀ ਕੇ ਬੀ ਐਸ ਸਿੱਧੂ, ਆਈ ਏ ਐਸ,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਵਿਤ ਵਿਭਾਗ, ਚੰਡੀਗੜ੍ਹ ।

1) ਸ੍ਰੀ ਸੀ ਰਾਊਲ, ਆਈ ਏ ਐਸ,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ,
ਚੰਡੀਗੜ੍ਹ ।

2) ਸ੍ਰੀ ਸੁਖਬੀਰ ਸਿੰਘ ਸੰਧੂ, ਆਈ ਏ ਐਸ,
ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
ਚੰਡੀਗੜ੍ਹ ।

3) ਸ੍ਰੀ ਕੁਲਦੀਪ ਸਿੰਘ,
ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ ।

4) ਸ੍ਰੀ ਵਿਵੇਕ ਪ੍ਰਤਾਪ ਸਿੰਘ, ਆਈ ਏ ਐਸ,
ਮੁੱਖ ਪ੍ਰਸ਼ਾਸਕ,
ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ,
ਮੋਹਾਲੀ ।

ਵਿਸ਼ੇਸ਼ ਤੌਰ ਤੇ ਸਾਮਿਲ ਅਧਿਕਾਰੀ

1) ਸ੍ਰੀ ਬਲਵਿੰਦਰ ਸਿੰਘ ਮੁਲਤਾਨੀ, ਆਈ ਏ ਐਸ,
ਵਧੀਕ ਮੁੱਖ ਪ੍ਰਸ਼ਾਸਕ,
ਗਮਾਡਾ, ਮੋਹਾਲੀ

2) ਸ੍ਰੀ ਰਾਜੇਸ ਸੋਢੀ, ਆਈ ਆਰ ਐਸ,
ਵਧੀਕ ਮੁੱਖ ਪ੍ਰਸ਼ਾਸਕ (ਵਿੱਤ ਤੇ ਲੇਖਾ),
ਗਮਾਡਾ, ਮੋਹਾਲੀ ।

3) ਸ੍ਰੀ ਗੁਰਪ੍ਰੀਤ ਸਿੰਘ।
ਜਿਲਾ ਨਗਰ ਯੋਜਨਾਕਾਰ,
ਗਮਾਡਾ, ਮੋਹਾਲੀ ।

ਅਜੰਡੇ ਦੀਆਂ ਮੱਦਾਂ ਨੂੰ ਲੜੀ ਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ ।

<u>ਮੱਦ ਨੰ: 9.01</u>

ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਦੀ ਕਾਰਜਕਾਰੀ ਕਮੇਟੀ ਦੀ ਅੱਠਵੀ ਮੀਟਿੰਗ ਜੋ ਮਿਤੀ 22-03-2010 ਨੂੰ ਹੋਈ ਦੀ ਕਾਰਵਾਈ ਦੀ ਪੁਸਟੀ ਕਰਨ ਬਾਰੇ ।

ਕਾਰਜਕਾਰੀ ਕਮੇਟੀ ਵੱਲੋਂ ਕਾਰਵਾਈ ਦੀ ਪੁਸਟੀ ਕੀਤੀ ਗਈ ।

<u>ਮੱਦ ਨੰ: 9.02</u>

ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਦੀ ਮਿਤੀ 22-03-2010 ਨੂੰ ਹੋਈ ਅੱਠਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਕਾਰਵਾਈ ।

ਕਾਰਜਕਾਰੀ ਕਮੇਟੀ ਵੱਲੋਂ ਕੀਤੀ ਗਈ ਕਾਰਵਾਈ ਤੇ ਗੌਰ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

<u>ਮੱਦ ਨੰ: 9.03</u>

ਅਥਾਰਟੀ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਅੰਤੇ ਭਵਿੱਖ ਵਿਚ ਸ਼ੁਰੂ ਹੋਣ ਵਾਲੇ ਕੰਮਾਂ ਲਈ ਲੋੜੀਦੇ ਫੰਡਜ਼ ਬੈਂਕਾਂ ਤੋਂ ਕੈਸ਼ ਕਰੈਡਿਟ ਲਿਮਟ ਰਾਹੀਂ ਉਪਲੱਬਧ ਕਰਵਾਉਣ ਬਾਰੇ।

ਮੱਦ ਵਿੱਚ ਦਿੱਤੀ ਤਜਵੀਜ ਪ੍ਰਵਾਨ ਕੀਤੀ ਗਈ । ਕਮੇਟੀ ਨੇ ਇਹ ਵੀ ਸੁਝਾਅ ਦਿੱਤਾ ਕਿ ਜੇਕਰ ਅਥਾਰਟੀ ਕੋਲ ਸਸਤੀ ਦਰ ਦੇ ਫੰਡਜ਼ ਉਪਲਬਧ ਹੋਣ ਤਾਂ ਬੈਂਕਾਂ ਤੋਂ ਕੈਸ ਕਰੈਡਿਟ ਲਿਮਟ ਲੈਣ ਤੋ ਪਹਿਲਾਂ ਉਹਨਾਂ ਨੂੰ ਵਰਤ ਲਿਆ ਜਾਵੇ ।

<u>ਮੱਦ ਨੰ: 9.04</u>

ਅੰਤਰਰਾਸ਼ਟਰੀ ਹਵਾਈ ਅੱਡਾ ਐਸ ਏ ਐਸ ਨਗਰ ਚੰਡੀਗੜ੍ਹ ਨੂੰ [illegible] ਜਾਣ ਵਾਲੀ ਪਹੁੰਚ ਸੜਕ ਸੈਕਟਰ 66 ਬੀ ਤੋ ਪਿੰਡ ਛੱਤ ਦੇ ਆਲੇ ਦੁਆਲੇ ਨਵੀ ਅਰਬਨ ਅਸਟੇਟ ਵਸਾਉਣ ਲਈ ਵਿੱਤੀ ਸੰਸਥਾਵਾਂ ਤੋ 1200 ਕਰੋੜ ਰੁਪਏ ਦਾ ਕਰਜਾ ਦੇਣ ਬਾਰੇ ।

ਮੱਦ ਵਿੱਚ ਦਿੱਤੀ ਤਜਵੀਜ ਪ੍ਰਵਾਨ ਕੀਤੀ ਗਈ ।

<u>ਮੱਦ ਨੰ: 9.05</u>

ਰਿਹਾਇਸੀ ਪਲਾਟਾਂ ਦੇ ਰਿਜਰਵ ਰੇਟ ਨਿਰਧਾਰਿਤ ਕਰਨ ਬਾਰੇ ।

ਕਮੇਟੀ ਨੇ ਨੋਟ ਕੀਤਾ ਕਿ ਪਹਿਲਾਂ ਇਹ ਰੇਟ ਮਿਤੀ 14-7-2009 ਨੂੰ ਮੱਦ ਨੰਬਰ 6.06 ਨਾਲ 20% ਦੀ ਦਰ ਨਾਲ ਵਧਾਏ ਗਏ ਸਨ ਕਿਉਕਿ ਭਾਰਤ ਅਤੇ ਦੁਨੀਆਂ ਵਿਚ ਆਰਥਿਕ ਮੰਦੀ ਹੋਣ ਕਰਕੇ ਜਾਇਦਾਦ ਦੀਆਂ ਕੀਮਤਾਂ ਵਿਚ ਕੋਈ ਖਾਸ ਵਾਧਾ ਨਹੀ ਹੋਇਆ ਸੀ। ਕਮੇਟੀ ਨੇ ਮਹਿਸੂਸ ਕੀਤਾ ਕਿ ਅਜੇ ਵੀ ਆਰਥਿਕ ਮੰਦੀ ਦਾ ਅਸਰ ਜਾਰੀ ਹੈ ਇਸ ਕਰਕੇ ਕਮੇਟੀ ਨੇ ਸਾਰੇ ਸਾਈਜਾਂ ਦੇ ਪਲਾਟਾਂ ਦੀ ਰਿਜਰਵ ਕੀਮਤ ਵਿਚ 500/-ਰੁਪਏ ਵਾਧਾ ਕਰਦੇ ਹੋਏ 12,500/- ਰੁਪਏ ਪ੍ਰਤੀ ਵਰਗ ਗਜ ਨਿਸਚਿਤ ਕਰਨ ਦਾ ਫੈਸਲਾ ਕੀਤਾ । ਪਹਿਲਾਂ 100 ਵਰਗ ਗਜ ਦੇ ਪਲਾਟਾਂ ਦੀ ਕੀਮਤ 6000/-ਰੁਪਏ ਪ੍ਰਤੀ ਗਜ ਸੀ, ਉਹ ਪਲਾਟ ਵੀ ਇਸੇ ਰੇਟ ਤੇ ਵੇਚੇ ਜਾਣਗੇ ਕਿਉਕਿ ਮਾਰਕੀਟ ਵਿਚ ਇਸ ਸਾਈਜ ਦੇ ਪਲਾਟਾਂ ਦਾ ਮੁੱਲ ਦੂਜੇ ਸਾਈਜਾਂ ਦੇ ਪਲਾਟਾਂ ਦੇ ਬਰਾਬਰ ਹੀ ਹੈ । ਜਿਹੜੀ ਭੌ ਲਈ ਐਲ ਓ ਆਈ ਪਹਿਲਾਂ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਜਾਰੀ ਕੀਤੇ

ਪੱਤਰਾਂ ਅਨੁਸਾਰ ਰਕਮ ਜਮ੍ਹਾਂ ਕਰਵਾਉਣ ਦਾ ਸਮਾਂ ਬਾਕੀ ਰਹਿੰਦਾ ਹੈ, ਉਹਨਾਂ ਕੇਸਾਂ ਵਿਚ ਵੀ ਦੇ ਰੇਟ ਅਤੇ ਸ਼ਰਤਾਂ ਜਾਰੀ ਕੀਤੇ ਐਲ ਓ ਆਈ ਵਾਲੀਆਂ ਹੀ ਹੋਣਗੀਆਂ।

ਕਮੇਟੀ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਉਸਾਰੇ ਗਏ ਮਕਾਨਾਂ ਦੀ ਕੀਮਤ ਨਿਰਧਾਰਿਤ ਕਰਨ ਲੱਗਿਆ ਈ ਡਵਲਿਯੂ ਐਸ ਮਕਾਨਾਂ ਲਈ ਭੌਂ ਦੀ ਕੀਮਤ ਸਬਸਡਾਈਜਡ ਰੇਟ ਤੇ ਕੈਲਕੂਲੇਟ ਕੀਤੀ ਜਾਂਦੀ ਹੈ ਪਰ ਪਲਾਟਾਂ ਦੀ ਵਧੀ ਕੀਮਤ ਦਾ ਇਸ ਨਾਲ ਕੋਈ ਸਬੰਧ ਨਹੀ ਹੈ ਕਿਉਂਕਿ ਉਸਾਰੇ ਗਏ ਮਕਾਨਾਂ ਦੀ ਕੀਮਤ ਨਿਰਧਾਰਿਤ ਕਰਨ ਦੀ ਪਾਲਿਸੀ ਵੱਖਰੀ ਹੈ। ਕਮੇਟੀ ਨੇਂ ਮਕਾਨਾਂ ਲਈ ਕੀਮਤ ਨਿਰਧਾਰਿਤ ਕਰਨ ਦੀ ਪਾਲਿਸੀ ਵਿਚ ਕੋਈ ਤਬਦੀਲੀ ਨਹੀ ਕੀਤੀ ਅਤੇ ਸਾਰੇ ਵਰਗ ਦੇ ਮਕਾਨਾਂ ਦੀ ਕੀਮਤ ਪਹਿਲਾਂ ਬਣੀ ਪਾਲਿਸੀ ਅਨੁਸਾਰ ਹੀ ਨਿਰਧਾਰਿਤ ਕਰਨ ਦਾ ਫੈਸਲਾ ਕੀਤਾ।

<u>ਮੱਦ ਨੰ: 9.06</u>

200 ਫੁੱਟ ਚੌੜੀ ਸੜਕ ਦੇ ਦੋਵੇਂ ਪਾਸੇ 30 ਮੀਟਰ ਬਫਰ ਜ਼ੋਨ ਅਤੇ 300 ਮੀਟਰ ਮਿਕਸ ਲੈਂਡ ਯੂਜ਼ ਲਈ ਸੈਕਟਰ 66-66ਏ ਤੋਂ ਛੱਡ ਐਨ ਐਚ 64 ਤੱਕ ਗਮਾਡਾ ਏਅਰਪੋਰਟ ਸਿਟੀ ਐਸ ਏ ਐਸ ਨਗਰ ਮੋਹਾਲੀ ਦੀ ਸਥਾਪਨਾ ਕਰਨ ਬਾਰੇ।

ਕਮੇਟੀ ਨੇ ਮੱਦ ਵਿਚ ਦਿੱਤੀਆਂ ਤਜਵੀਜਾਂ ਨੂੰ ਹੇਠ ਲਿਖੀਆਂ ਸੋਧਾਂ ਨਾਲ ਪ੍ਰਵਾਨ ਕੀਤਾ:-

(1) ਪਲਾਟ ਦੀ 70% ਬਕਾਇਆ ਰਕਮ ਦੀ ਇੱਕਮੁਸ਼ਤ ਅਦਾਇਗੀ ਲਈ ਆਪਸ਼ਨ ਨੰਬਰ 1 ਵਿਚ 12% ਰਿਬੇਟ ਦੀ ਥਾਂ ਤੇ 10% ਰਿਬੇਟ ਦੇਣ ਦਾ ਫੈਸਲਾ ਕੀਤਾ।

(2) ਕੇਵਲ ਉਹਨਾਂ ਪਲਾਟਾਂ ਦਾ ਲੈਟਰ ਆਫ ਇੰਟੈਂਟ (ਐਲ ਓ ਆਈ) ਜਾਰੀ ਕੀਤਾ ਜਾਵੇ ਜਿਹੜੇ ਪਲਾਟ ਅਥਾਰਟੀ ਦੇ ਕਬਜੇ ਅਧੀਨ ਭੌਂ ਤੇ ਕੱਟੇ ਗਏ ਹਨ।

(3) ਜੇਕਰ ਅਥਾਰਟੀ ਐਲ ਓ ਆਈ ਹੋਲਡਰਾਂ ਨੂੰ ਦਿੱਤੇ ਗਏ ਸਮੇਂ ਵਿਚ ਪਲਾਟਾਂ ਦਾ ਕਬਜਾ ਦੇਣ ਵਿਚ ਅਸਮੱਰਥ ਹੁੰਦੀ ਹੈ ਤਾਂ ਅਥਾਰਟੀ ਦੀ ਐਲ ਓ ਆਈ ਹੋਲਡਰ ਨੂੰ ਉਹਨਾਂ ਵੱਲੋਂ ਜਮ੍ਹਾਂ ਕਰਵਾਈ ਰਕਮ ਅਤੇ ਉਸਤੇ 10% ਸਧਾਰਨ ਵਿਆਜ ਵਾਪਿਸ ਕਰਨ ਤੱਕ ਹੀ ਦੇਣਦਾਰੀ ਸੀਮਤ ਹੋਵੇਗੀ। ਇਸਤੋਂ ਇਲਾਵਾ ਅਥਾਰਟੀ ਦੀ ਹੋਰ ਕੋਈ ਦੇਣਦਾਰੀ ਨਹੀ ਹੋਵੇਗੀ। ਸਕੀਮ ਦੀਆਂ ਸ਼ਰਤਾਂ ਅਤੇ ਐਲ ਓ ਆਈ ਵਿਚ ਇਹ ਸ਼ਰਤ ਵੀ ਸ਼ਾਮਿਲ ਕਰ ਦਿੱਤੀ ਜਾਵੇ।

(4) ਹੈਂਡੀਕੈਪਡ ਕੋਟੇ ਅਧੀਨ ਬਿਨੈਕਾਰਾਂ ਨੂੰ ਅਲਾਟ ਕੀਤੇ ਗਏ ਪਲਾਟਾਂ ਦੀ ਕੀਮਤ ਤੇ 5% ਰੀਬੇਟ/ਡਿਸਕਾਊਂਟ ਦੇਣ ਦਾ ਫੈਸਲਾ ਕੀਤਾ ਗਿਆ। ਇਹ ਡਿਸਕਾਊਂਟ ਉਹਨਾਂ ਬਿਨੈਕਾਰਾਂ ਨੂੰ ਹੀ ਦਿੱਤਾ ਜਾਵੇਗਾ ਜਿਹਨਾਂ ਨੇ 3% ਹੈਂਡੀਕੈਪਡ ਕੋਟੇ ਅਧੀਨ ਬਿਨੈ ਪੱਤਰ ਦਿੱਤਾ ਹੋਵੇਗਾ।

ਮੀਟਿੰਗ ਮਾਨਯੋਗ ਚੇਅਰਮੈਨ ਜੀ ਦੇ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ।

ਮੁੱਖ ਸਕੱਤਰ-ਕਮ ਚੇਅਰਮੈਨ
ਕਾਰਜਕਾਰੀ ਕਮੇਟੀ, ਗਮਾਡਾ।

ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ, ਪੁੱਡਾ ਭਵਨ, ਸੈਕਟਰ-62,
ਐਸ.ਏ.ਐਸ.ਨਗਰ।
( ਮੀਟਿੰਗਜ ਅਤੇ ਕੋਆਰਡੀਨੇਸਨ ਸਾਖਾ )

ਅਜੰਡਾ ਆਈਟਮ ਨੰ:10.02
( ਕਾਰਜਕਾਰੀ ਦੀ ਮੀਟਿੰਗ )

ਵਿਸਾ:- ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਮਿਤੀ:09.04.2010 ਨੂੰ ਹੋਈ ਨੌਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ।

ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਨੌਵੀਂ ਮੀਟਿੰਗ ਜੋ ਮਿਤੀ 09.04.2010 ਨੂੰ ਹੋਈ ਸੀ ਦੀ ਕਾਰਵਾਈ ਵਿਚ ਲਏ ਗਏ ਫੈਸਲਿਆਂ ਤੇ ਦਫਤਰ ਵੱਲੋਂ ਕੀਤੀ ਗਈ ਕਾਰਵਾਈ ਬਾਰੇ ਮੱਦ-ਵਾਰ ਵਿਵਰਣ ਦਰਸਾਉਂਦੀ ਸਾਰਣੀ ਹੇਠਾਂ ਅਜੰਡਾ ਨੋਟ ਦੇ ਅਨੁਲੱਗ-'ੳ' ਤੇ ਕਮੇਟੀ ਅੱਗੇ ਸੂਚਨਾ ਹਿੱਤ ਰੱਖੀ ਜਾਂਦੀ ਹੈ ।

ਅਜੰਡਾ ਆਈਟਮ ਨੰ:10.02

ਅਨੁਲੱਗ - ੳ

ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੀ ਕਾਰਜਕਾਰੀ ਕਮੇਟੀ ਦੀ ਮਿਤੀ 09-04-2010 ਨੂੰ ਹੋਈ ਨੌਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਮੱਦ-ਵਾਰ ਵਿਵਰਣ।

| ਮੱਦ ਨੰ: | ਵਿਸ਼ਾ | ਫੈਸਲਾ | ਕੀਤੀ ਗਈ ਕਾਰਵਾਈ |
|---|---|---|---|
| 9.01 | ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਦੀ ਕਾਰਜਕਾਰੀ ਕਮੇਟੀ ਦੀ ਨੌਵੀਂ ਮੀਟਿੰਗ ਜੋ ਮਿਤੀ 9-4-2010 ਨੂੰ ਹੋਈ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ । | ਕਾਰਜਕਾਰੀ ਕਮੇਟੀ ਵਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ । | - |
| 9.02 | ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਦੀ ਮਿਤੀ 9-4-2010 ਨੂੰ ਨੌਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਤੇ ਵਿਚਾਰ ਕਰਨ ਬਾਰੇ । | ਕਾਰਜਕਾਰੀ ਕਮੇਟੀ ਵਲੋਂ ਕੀਤੀ ਗਈ ਕਾਰਵਾਈ ਤੇ ਗੌਰ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ । | - |
| 9.03 | ਅਥਾਰਟੀ ਵਿਚ ਚਲ ਰਹੇ ਵਿਕਾਸ ਕਾਰਜਾਂ ਅਤੇ ਭਵਿੱਖ ਵਿਚ ਸ਼ੁਰੂ ਹੋਣ ਵਾਲੇ ਕੰਮਾਂ ਲਈ ਲੋੜੀਂਦੇ | ਮੱਦ ਵਿਚ ਦਿੱਤੀ ਤਜਵੀਜ ਪ੍ਰਵਾਨ ਕੀਤੀ ਗਈ । ਕਮੇਟੀ ਨੇ ਇਹ ਸੁਝਾਅ ਦਿੱਤਾ ਕਿ ਜੇਕਰ ਅਥਾਰਟੀ ਕੋਲ ਸਸਤੀ ਦਰ ਦੇ ਫੰਡਜ਼ ਉਪਲੱਬਧ ਹੋਣ ਤਾਂ ਬੈਂਕਾਂ ਤੋਂ ਕੈਸ਼ ਕਰੈਡਿਟ ਲਿਮਟ ਲੈਣ ਤੋਂ ਪਹਿਲਾਂ | ਨੋਟ ਕੀਤਾ ਗਿਆ । ਲੋੜ ਪੈਣ ਤੇ ਲੋੜੀਂਦੇ ਫੰਡਜ਼ ਬੈਂਕਾਂ ਤੋਂ ਕੈਸ਼ |

| | | | |
|---|---|---|---|
| | ਫੰਡਜ ਬੈਂਕਾਂ ਤੋਂ ਕੇਸ ਕਰੈਡਿਟ ਲਿਮਟ ਰਾਹੀਂ ਉਪਲਬੱਧ ਕਰਵਾਉਣ ਬਾਰੇ । | ਉਹਨਾਂ ਨੂੰ ਵਰਤ ਲਿਆ ਜਾਵੇ । | ਕਰੈਡਿਟ ਲਿਮਟ ਰਾਹੀਂ ਉਪਲਬੱਧ ਕਰਵਾਉਣ ਦੀ ਕਾਰਵਾਈ ਆਰੰਭੀ ਜਾਵੇਗੀ । |
| 9.04 | ਅੰਤਰਰਾਸਟਰੀ ਹਵਾਈ ਅੱਡਾ ਐਸ.ਏ.ਐਸ.ਨਗਰ ਚੰਡੀਗੜ੍ਹ ਨੂੰ ਬਣਾਈ ਜਾਣ ਵਾਲੀ ਪਹੁੰਚ ਸੜਕ ਸੈਕਟਰ 66ਬੀ ਤੋਂ ਪਿੰਡ ਛੱਤ ਦੇ ਆਲੇ ਦੁਆਲੇ ਨਵੀਂ ਅਰਬਨ ਅਸਟੇਟ ਵਸਾਉਣ ਲਈ ਵਿੱਤੀ ਸੰਸਥਾਵਾਂ ਤੋਂ 1200 ਕਰੋੜ ਰੁਪਏ ਦਾ ਕਰਜਾ ਦੇਣ ਬਾਰੇ । | ਮੱਦ ਵਿਚ ਦਿੱਤੀ ਤਜਵੀਜ ਪ੍ਰਵਾਨ ਕੀਤੀ ਗਈ । | ਸਟੇਟ ਬੈਂਕ ਆਫ ਇੰਡੀਆ ਤੋਂ ਹੁਣ ਤੱਕ 750 ਕਰੋੜ ਰੁਪਏ ਦਾ ਕਰਜਾ ਐਗਰੀਮੈਂਟ ਕਰਨ ਉਪਰੰਤ ਲੈ ਲਿਆ ਗਿਆ ਹੈ ਅਤੇ ਭੌ ਮਾਲਕਾਂ ਨੂੰ ਇਸਦੀ ਪੇਮੈਂਟ ਕਰਨ ਲਈ ਅਵਾਰਡ ਸੁਣਾਇਆ ਜਾ ਚੁੱਕਾ ਹੈ । ਬਾਕੀ ਦਾ ਰਹਿੰਦਾ ਕਰਜਾ ਸਮੇਂ ਸਮੇਂ ਤੇ ਲੋੜ ਅਨੁਸਾਰ ਲੈ ਲਿਆ ਜਾਵੇਗਾ । |
| 9.05 | ਰਿਹਾਇਸੀ ਪਲਾਟਾਂ ਦੇ ਰਿਜਰਵ ਰੇਟ ਨਿਰਧਾਰਿਤ ਕਰਨ ਬਾਰੇ । | ਕਮੇਟੀ ਨੇ ਨੋਟ ਕੀਤਾ ਕਿ ਪਹਿਲਾਂ ਇਹ ਰੇਟ ਮਿਤੀ 14-7-2009 ਨੂੰ ਮੱਦ ਨੰਬਰ 6.06 ਨਾਲ 20% ਦੀ ਦਰ ਨਾਲ ਵਧਾਏ ਗਏ ਸਨ ਕਿਉਂਕਿ ਭਾਰਤ ਅਤੇ ਦੁਨੀਆਂ ਵਿਚ ਆਰਥਿਕ ਮੰਦੀ ਹੋਣ ਕਰਕੇ ਜਾਇਦਾਦ ਦੀਆਂ ਕੀਮਤਾਂ ਵਿਚ ਕੋਈ ਖਾਸ ਵਾਧਾ ਨਹੀਂ ਹੋਇਆ ਸੀ। ਕਮੇਟੀ ਨੇ | ਪ੍ਰਵਾਨਿਤ ਰੇਟਾਂ ਦੀ ਕਾਪੀ ਮਿਲਖ ਅਫਸਰ, ਗਮਾਡਾ, ਮੋਹਾਲੀ ਨੂੰ ਭੇਜੀ ਜਾ ਚੁੱਕੀ ਹੈ । |

| | | | |
|---|---|---|---|
| | | ਮਹਿਸੂਸ ਕੀਤਾ ਕਿ ਅਜੇ ਵੀ ਆਰਥਿਕ ਮੰਦੀ ਦਾ ਅਸਲ ਜਾਰੀ ਹੈ ਇਸ ਕਰਕੇ ਕਮੇਟੀ ਨੇ ਸਾਰੇ ਸਾਈਜਾਂ ਦੇ ਪਲਾਟਾਂ ਦੀ ਰਿਜਰਵ ਕੀਮਤ ਵਿਚ 500/-ਰੁਪਏ ਵਾਧਾ ਕਰਦੇ ਹੋਏ 12,500/-ਰੁਪਏ ਪ੍ਰਤੀ ਵਰਗ ਗਜ ਨਿਸਚਿਤ ਕਰਨ ਦਾ ਫੈਸਲਾ ਕੀਤਾ । ਪਹਿਲਾਂ 100 ਵਰਗ ਗਜ ਦੇ ਪਲਾਟਾਂ ਦੀ ਕੀਮਤ 6000/-ਰੁਪਏ ਪ੍ਰਤੀ ਗਜ ਸੀ, ਉਹ ਪਲਾਟ ਵੀ ਇਸੇ ਰੇਟ ਤੇ ਵੇਚੇ ਜਾਣਗੇ ਕਿਉਂਕਿ ਮਾਰਕੀਟ ਵਿਚ ਇਸ ਸਾਈਜ ਦੇ ਪਲਾਟਾਂ ਦਾ ਮੁੱਲ ਦੂਜੇ ਸਾਈਜਾਂ ਦੇ ਪਲਾਟਾਂ ਦੇ ਬਰਾਬਰ ਹੀ ਹੈ । ਜਿਹੜੀ ਭੋਂ ਲਈ ਐਲ ਓ ਆਈ ਪਹਿਲਾਂ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਜਾਰੀ ਕੀਤੇ ਪੱਤਰਾਂ ਅਨੁਸਾਰ ਰਕਮ ਜਮ੍ਹਾਂ ਕਰਵਾਉਣ ਦਾ ਸਮਾਂ ਬਾਕੀ ਰਹਿੰਦਾ ਹੈ, ਉਹਨਾਂ ਕੇਸਾਂ ਵਿਚ ਭੋਂ ਦੇ ਰੇਟ ਅਤੇ ਸਰਤਾਂ ਜਾਰੀ ਕੀਤੇ ਐਲ ਓ ਆਈ ਵਾਲੀਆਂ ਹੀ ਹੋਣਗੀਆਂ ।<br>ਕਮੇਟੀ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਉਸਾਰੇ ਗਏ ਮਕਾਨਾਂ ਦੀ ਕੀਮਤ ਨਿਰਧਾਰਿਤ ਕਰਨ ਲੱਗਿਆ ਈ ਡਬਲਿਯੂ ਐਸ ਮਕਾਨਾਂ ਲਈ ਭੋਂ ਦੀ ਕੀਮਤ ਸਬਸਡਾਈਜਡ ਰੇਟ ਤੇ ਕੈਲਕੂਲੇਟ ਕੀਤੀ ਜਾਂਦੀ ਹੈ ਪਰ ਪਲਾਟਾਂ ਦੀ ਵਧੀ ਕੀਮਤ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ ਕਿਉਂਕਿ ਉਸਾਰੇ ਗਏ ਮਕਾਨਾਂ ਦੀ ਕੀਮਤ ਨਿਰਧਾਰਿਤ ਕਰਨ ਦੀ ਪਾਲਿਸੀ ਵੱਖਰੀ ਹੈ। ਕਮੇਟੀ ਨੇ ਮਕਾਨਾਂ ਲਈ ਕੀਮਤ ਨਿਰਧਾਰਿਤ ਕਰਨ ਦੀ ਪਾਲਿਸੀ ਵਿਚ ਕੋਈ ਤਬਦੀਲੀ ਨਹੀਂ ਕੀਤੀ ਅਤੇ ਸਾਰੇ ਵਰਗ ਦੇ ਮਕਾਨਾਂ ਦੀ ਕੀਮਤ ਪਹਿਲਾਂ ਬਣੀ ਪਾਲਿਸੀ ਅਨੁਸਾਰ ਹੀ ਨਿਰਧਾਰਿਤ ਕਰਨ ਦਾ ਫੈਸਲਾ ਕੀਤਾ । | |

| | | | |
|---|---|---|---|
| 9.06 | 200 ਫੁੱਟ ਚੋੜੀ ਸੜਕ ਦੇ ਦੋਵੇਂ ਪਾਸੇ 30 ਮੀਟਰ ਬਫਰ ਜੋਨ ਅਤੇ 300 ਮੀਟਰ ਮਿਕਸ ਲੈਂਡ ਯੂਜ ਲਈ ਸੈਕਟਰ- 66-66ਏ ਛੰਡ ਐਨ ਐਚ 64 ਤੱਕ ਗਮਾਡਾ ਏਅਰਪੋਰਟ ਸਿਟੀ ਐਸ ਏ ਐਸ ਨਗਰ ਮੋਹਾਲੀ ਦੀ ਸਥਾਪਨਾ ਕਰਨ ਬਾਰੇ । | ਕਮੇਟੀ ਨੇ ਮੱਦ ਵਿਚ ਦਿੱਤੀਆਂ ਤਜਵੀਜਾਂ ਨੂੰ ਹੇਠ ਲਿਖੀਆਂ ਸੋਧਾਂ ਨਾਲ ਪ੍ਰਵਾਨ ਕੀਤਾ:-<br>(1) ਪਲਾਟ ਦੀ 70% ਬਕਾਇਆ ਰਕਮ ਦੀ ਇੱਕਮੁਸਤ ਅਦਾਇਗੀ ਲਈ ਆਪਸਨ ਨੰਬਰ 1 ਵਿਚ 12% ਰਿਬੇਟ ਦੀ ਥਾਂ ਤੇ 10% ਰਿਬੇਟ ਦੇਣ ਦਾ ਫੈਸਲਾ ਕੀਤਾ ।<br>(2) ਕੇਵਲ ਉਹਨਾਂ ਪਲਾਟਾਂ ਦਾ ਲੈਟਰ ਆਫ ਇੰਟੈਂਟ(ਐਲ ਓ ਆਈ) ਜਾਰੀ ਕੀਤਾ ਜਾਵੇ ਜਿਹੜੇ ਪਲਾਟ ਅਥਾਰਟੀ ਦੇ ਕਬਜੇ ਅਧੀਨ ਭੌ ਤੇ ਕੱਟ ਗਏ ਹਨ ।<br>(3) ਜੇਕਰ ਅਥਾਰਟੀ ਐਲ ਓ ਆਈ ਹੋਲਡਰਾਂ ਨੂੰ ਦਿੱਤੇ ਗਏ ਸਮੇਂ ਵਿਚ ਪਲਾਟਾਂ ਦਾ ਕਬਜਾ ਦੇਣ ਵਿਚ ਅਸਮਰੱਥ ਹੁੰਦੀ ਹੈ ਤਾਂ ਅਥਾਰਟੀ ਦੀ ਐਲ ਓ ਆਈ ਹੋਲਡ ਨੂੰ ਉਹਨਾਂ ਵਲੋਂ ਜਮ੍ਹਾਂ ਕਰਵਾਈ ਰਕਮ ਅਤੇ ਉਸਤੇ 10% ਸਧਾਰਨ ਵਿਆਜ ਵਾਪਿਸ ਕਰਨ ਤੱਕ ਹੀ ਦੇਣਦਾਰੀ ਸੀਮਤ ਹੋਵੇਗੀ। ਸਕੀਮ ਦੀਆਂ ਸਰਤਾਂ ਅਤੇ ਐਲ ਓ ਆਈ ਵਿਚ ਇਹ ਸਰਤ ਵੀ ਸਾਮਿਲ ਕਰ ਦਿੱਤੀ ਜਾਵੇ ।<br>(4) ਹੈਂਡੀਕੈਪਡ ਕੋਟੇ ਅਧੀਨ ਬਿਨੈਕਾਰਾਂ ਨੂੰ ਅਲਾਟ ਕੀਤੇ ਗਏ ਪਲਾਟਾਂ ਦੀ ਕੀਮਤ ਤੇ 5% ਰਿਬੇਟ/ਡਿਸਕਾਊਂਟ ਦੇਣ ਦਾ ਫੈਸਲਾ ਕੀਤਾ ਗਿਆ। ਇਹ ਡਿਸਕਾਊਂਟ ਉਹਨਾਂ ਬਿਨੈਕਾਰਾਂ ਨੂੰ ਹੀ ਦਿੱਤਾ ਜਾਵੇਗਾ ਜਿਹਨਾਂ ਨੇ 3% ਹੈਂਡੀਕੈਪਡ ਕੋਟੇ ਅਧੀਨ ਬਿਨੈ ਪੱਤਰ ਦਿੱਤਾ ਹੋਵੇਗਾ । | ਇਹ ਸਰਤਾਂ ਪਲਾਟ ਦੀ ਅਡਵਰਟਾਈਜਮੈਂਟ ਅਤੇ ਬਰੋਸਰ ਵਿਚ ਸਾਮਿਲ ਕਰ ਦਿੱਤੀਆਂ ਗਈਆਂ ਹਨ । |

# ਗਰੇਟਰ ਐਸ.ਏ.ਐਸ. ਨਗਰ ਏਰੀਆ ਡਿਵੈਲਪਮੈਂਟ ਅਥਾਰਿਟੀ, ਐਸ.ਏ.ਐਸ. ਨਗਰ

ਅਜੰਡਾ ਆਈਟਮ : 10.03
(ਕਾਰਜਕਾਰੀ ਕਮੇਟੀ ਮੀਟਿੰਗ)

ਵਿਸ਼ਾ : ਚੱਪੜ ਚਿੜੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦ ਵਿੱਚ ਮੈਮੋਰੀਅਲ ਸਥਾਪਿਤ ਕਰਨ ਹਿੱਤ ਅਧਿਗ੍ਰਹਿਣ ਕੀਤੀ ਜਾ ਰਹੀ ਜਮੀਨ ਦੇ ਮੁਆਵਜੇ ਸਬੰਧੀ ।

***

ਗਮਾਡਾ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦਗਾਰ ਬਨਾਉਣ ਲਈ ਅਧਿਗ੍ਰਹਿਣ ਕੀਤੀ ਜਾਣ ਵਾਲੀ ਜਮੀਨ (20 ਏਕੜ 2 ਬਿਸਵੇ) ਦੀ ਬਣਦੀ 27 ਕਰੋੜ 3 ਲੱਖ ਰੁਪਏ ਦੀ ਅਦਾਇਗੀ ਕਾਰਜਕਾਰੀ ਕਮੇਟੀ ਦੀ ਮੰਜੂਰੀ ਲਏ ਬਿਨਾਂ ਹੀ ਖਜਾਨੇ ਵਿੱਚ ਮਿਤੀ 26.04.2010 ਨੂੰ ਜਮਾਂ ਕਰਵਾਈ ਗਈ ਹੈ । ਇਸ ਰਕਮ ਦੀ ਅਦਾਇਗੀ ਸਪੈਸ਼ਲ ਸਕੱਤਰ ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ ਪੰਜਾਬ ਜੀ ਦੇ ਪੱਤਰ ਨੰਬਰ 2440 ਮਿਤੀ 22.04.10 ਜੋ ਕਿ ਸਕੱਤਰ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਜੀ ਨੂੰ ਸੰਬੋਧਿਤ ਹੈ ਅਤੇ ਉਸ ਦੀ ਕਾਪੀ ਮੁੱਖ ਪ੍ਰਸ਼ਾਸਕ ਗਮਾਡਾ ਜੀ ਨੂੰ ਹੈ ਦੇ ਹਵਾਲੇ ਅਧੀਨ ਕੀਤੀ ਗਈ ਹੈ (ਕਾਪੀ ਨੱਥੀ ਹੈ) ।

2. ਪੁੱਡਾ ਐਕਟ ਦੀ ਧਾਰਾ 49 (2) ਡੀ ਤਹਿਤ ਅਥਾਰਿਟੀ ਦੇ ਫੰਡਜ਼ ਨੂੰ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਖਰਚ ਕਰਨ ਦੀ ਵਿਵਸਥਾ ਹੈ।

3. ਇਸ ਲਈ 27.03 ਕਰੋੜ ਰੁਪਏ ਦੀ ਰਕਮ ਨੂੰ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦਗਾਰ ਬਨਾਉਣ ਲਈ ਅਧਿਗ੍ਰਹਿਣ ਕੀਤੀ ਜਾਣ ਵਾਲੀ ਜਮੀਨ (20 ਏਕੜ 2 ਬਿਸਵੇ) ਦੀ ਕੀਮਤ ਖਜਾਨੇ ਵਿੱਚ ਜਮਾਂ ਕਰਵਾਉਣ ਦੇ ਮਾਮਲੇ ਦੀ ਕਾਰਜਬਾਅਦ ਪ੍ਰਵਾਨਗੀ ਲੈਣ ਲਈ ਗਮਾਡਾ ਦੀ ਕਾਰਜਕਾਰੀ ਕਮੇਟੀ ਦੇ ਸਨਮੁੱਖ ਰਖਿਆ ਜਾਂਦਾ ਹੈ ।

4. ਇਹ ਅਜੰਡਾ ਉਪ ਸਭਾਪਤੀ ਗਮਾਡਾ ਜੀ ਤੋਂ ਪ੍ਰਵਾਨਿਤ ਹੈ ।

---

ਮੁ: ਅਫਸਰ (ਮੁ:ਦ:)
ਮਾਡਾ, ਐਸ.ਏ.ਐਸ: ਨਗਰ
ਡਾਇਰੀ ਨੰ...4125...ਮਿਤੀ...26/4/x

ਡਾਇਰੈਕਟੋਰੇਟ, ਸਭਿਆਚਾਰਕ ਮਾਮਲੇ, ਪੁਰਾਤਤੱਵ ਅਤੇ ਅਜਾਇਬਘਰ, ਪੰਜਾਬ
ਪਲਾਟ ਨੰ: 3, ਸੈਕਟਰ-38-ਏ, ਚੰਡੀਗੜ੍ਹ

C.A.

ਸੇਵਾ ਵਿਖੇ,

ਸਕੱਤਰ,
ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ,
ਪੰਜਾਬ, ਚੰਡੀਗੜ੍ਹ।

ACA (F&A)

Center Diary GMADA, Mohali
No. 10375 Dt. 23-4-2010

ਮੀਮੋ ਨੰ: 615/10/ਪੁਰਾ/ਡਸਮ/
ਮਿਤੀ ਚੰਡੀਗੜ੍ਹ

A.O (H.Q)

ਵਿਸ਼ਾ:- ਪਿੰਡ ਚਪੜ ਝਿੜੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦਗਾਰ ਬਣਾਉਣ ਲਈ ਅਧਿਗ੍ਰਹਿਣ ਕੀਤੀ ਜਾਣ ਵਾਲੀ ਜ਼ਮੀਨ (20 ਏਕੜ 2 ਬਿਸਵੇ) ਦੀ ਕੀਮਤ ਦੀ ਅਦਾਇਗੀ ਸਬੰਧੀ। 26/4

ਵਿਸ਼ਾ ਅੰਕਿਤ ਮਾਮਲੇ ਸਬੰਧੀ ਮਿਤੀ 22-04-10 ਨੂੰ ਸ਼ਾਮ 4.00 ਵਜੇ ਕੈਬਨਿਟ ਸਬ ਕਮੇਟੀ ਦੀ ਹੋਈ ਮੀਟਿੰਗ ਦੀ ਕਾਰਵਾਈ ਆਪ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਪਿੰਡ ਚਪੜ ਝਿੜੀ ਖੁਰਦ (ਮੋਹਾਲੀ) ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦਗਾਰ ਕਾਇਮ ਕਰਨ ਦੀ ਜੋ 20 ਏਕੜ 2 ਬਿਸਵੇ ਜਗਾ ਐਕੁਆਇਰ ਕੀਤੀ ਜਾਣੀ ਹੈ, ਇਸ ਦੀ ਕੀਮਤ ਕੈਬਨਿਟ ਸਬ ਕਮੇਟੀ ਵੱਲੋਂ 1,35,00,000/-ਰੁ: ਪ੍ਰਤੀ ਏਕੜ ਤੈਅ ਕੀਤੀ ਗਈ ਹੈ, ਜਿਸ ਦੀ ਕੁਲ ਰਕਮ 27 ਕਰੋੜ 3 ਲੱਖ ਰੁ: ਬਣਦੀ ਹੈ, ਜੋ ਕਿ ਆਪ ਦੇ ਵਿਭਾਗ ਵੱਲੋਂ ਅਦਾ ਕੀਤੀ ਜਾਣੀ ਹੈ। ਇਸ ਸਬੰਧੀ ਲੋੜੀਂਦੀ ਕਾਰਵਾਈ ਕਰਦੇ ਹੋਏ ਡਿਪਟੀ ਕਮਿਸ਼ਨਰ,ਐਸ.ਏ.ਐਸ.ਨਗਰ (ਮੋਹਾਲੀ) ਨੂੰ ਇਹ ਰਕਮ ਭੇਜਣ ਦੀ ਖੇਚਲ ਕੀਤੀ ਜਾਵੇ ਜੀ ਅਤੇ ਇਸ ਵਿਭਾਗ ਨੂੰ ਵੀ ਸੂਚਿਤ ਕੀਤਾ ਜਾਵੇ ਜੀ।

ਸਹਿਪੱਤਰ: ਉਪਰੋਕਤ ਅਨੁਸਾਰ

ਸਪੈਸ਼ਲ ਸਕੱਤਰ,
ਸਭਿਆਚਾਰਕ ਮਾਮਲੇ, ਪੁਰਾਤੱਤਵ
ਅਤੇ ਅਜਾਇਬਘਰ, ਪੰਜਾਬ।

ਪਿੱਠ ਅੰਕਣ ਨੰ: 615/10/ਪੁਰਾ/ਡਸਮ/ 2440 ਮਿਤੀ 22-4-2010

ਉਪਰੋਕਤ ਦਾਉਤਾਰਾ ਮੁੱਖ ਪ੍ਰਸ਼ਾਸਕ, ਗਮਾਡਾ, ਐਸ.ਏ.ਐਸ ਨਗਰ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਪੈਸ਼ਲ ਸਕੱਤਰ,
ਸਭਿਆਚਾਰਕ ਮਾਮਲੇ, ਪੁਰਾਤੱਤਵ
ਅਤੇ ਅਜਾਇਬਘਰ, ਪੰਜਾਬ।

26/4

ਅਜੰਡਾ ਆਈਟਮ ਨੰ: 10.੧੫
(ਪਾਲਿਸੀ ਬ੍ਰਾਂਚ)
(ਕਾਰਜਕਾਰੀ ਕਮੇਟੀ)

ਵਿਸ਼ਾ: ਇੰਟੈਲੀਜੈਂਸ ਵਿੰਗ ਲਈ ਸਹਿਰੀ ਮਿਲਖ ਐਸ.ਏ.ਐਸ.ਨਗਰ ਵਿਖੇ 500 ਵ:ਗ: ਦਾ ਪਲਾਟ ਅਲਾਟ ਕਰਨ ਬਾਰੇ ।

ਅਡੀਸਨਲ ਡਾਇਰੈਕਟਰ ਜਨਰਲ ਆਫ ਪੁਲਿਸ (ਇੰਟੈਲੀਜੈਂਸ ਵਿੰਗ) ਨੇ ਆਪਣੇ ਨੋਟ ਮਿਤੀ 23.4.2010 ( ਅਨੁਲੱਗ ੳ ) ਨਾਲ ਪ੍ਰਿੰਸੀਪਲ ਸਕੱਤਰ ( ਗ੍ਰਹਿ ਵਿਭਾਗ ) ਰਾਹੀਂ ਡੇਢ ਏਕੜ ਭੌਂ ਇੰਸਟੀਚਿਊਸਨਲ ਏਰੀਆ ਅਤੇ 1 ਕਨਾਲ ਦਾ ਪਲਾਟ ਮੋਹਾਲੀ ਵਿਖੇ ਅਲਾਟ ਕਰਨ ਲਈ ਲਿਖਿਆ ਸੀ। ਡੀ.ਟੀ.ਪੀ.ਮੋਹਾਲੀ ਨੂੰ ਭੌਂ ਅਲਾਟ ਕਰਨ ਲਈ ਸਾਈਟ ਈਅਰ ਮਾਰਕ ਕਰਨ ਲਈ ਆਖਿਆ ਸੀ। ਡੀ.ਟੀ.ਪੀ. ਮੋਹਾਲੀ ਦੀ ਸਬੰਧਤ ਵਿਭਾਗ ਦੇ ਅਧਿਕਾਰੀਆਂ ਨਾਲ ਹੋਈ ਗੱਲ ਅਨੁਸਾਰ ਸੈਕਟਰ-77 ਵਿਖੇ 1.5 ਏਕੜ ਸਾਈਟ ਅਲਾਟ ਕਰਨ ਲਈ ਲਿਖਿਆ ਸੀ। ਇਸ ਦੇ ਨਾਲ ਹੀ ਉਨ੍ਹਾਂ ਨੇ ਇੰਟੈਲੀਜੈਂਸ ਵਿੰਗ ਦੇ ਅਧਿਕਾਰੀਆਂ ਨਾਲ ਹੋਈ ਗੱਲਬਾਤ ਅਨੁਸਾਰ 1 ਕਨਾਲ ਦਾ ਪਲਾਟ ਨੰ:58, ਸੈਕਟਰ 63, ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਰਿਹਾਇਸੀ ਮੰਤਵ ਵਾਸਤੇ ਅਲਾਟ ਕਰਨ ਲਈ ਵੀ ਲਿਖਿਆ ਸੀ। ਮੌਜੂਦਾ ਪਾਲਿਸੀ ਵਿਚ ਕੀਤੇ ਉਪਬੰਧਾਂ ਅਨੁਸਾਰ 1.5 ਏਕੜ ਭੌਂ ਇੰਟੈਲੀਜੈਂਸ ਵਿੰਗ ਨੂੰ ਦਫਤਰ ਦੀ ਸਥਾਪਨਾ ਕਰਨ ਲਈ ਅਲਾਟ ਕਰ ਦਿੱਤੀ ਗਈ ਸੀ।

ਪੁੱਡਾ/ਗਮਾਡਾ ਦੀ ਮੌਜੂਦਾ ਪਾਲਿਸੀ ਅਨੁਸਾਰ ਪੰਜਾਬ ਸਰਕਾਰ ਦੇ ਅਦਾਰਿਆਂ ਨੂੰ ਰਿਹਾਇਸੀ ਮੰਤਵ ਲਈ ਭੌਂ ਅਲਾਟ ਕਰਨ ਦਾ ਹੇਠ ਲਿਖੇ ਅਨੁਸਾਰ ਉਪਬੰਧ ਕੀਤਾ ਹੋਇਆ ਹੈ:-

| Particulars | Purpose | Basis of Fixation of rate | Rate |
|---|---|---|---|
| State Governments or courts | Staff quarters (Rental Housing-Multi-storeyed) | 50% of the prevailing highest residential reserve price fixed for the Urban Estate. | Rs.6250/- per Sq.yd. |

1 ਕਨਾਲ ਦਾ ਪਲਾਟ ਨੰ:58, ਸੈਕਟਰ 63, ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਮਾਨਯੋਗ ਮੁੱਖ ਮੰਤਰੀ-ਕਮ-ਚੇਅਰਮੈਨ, ਗਮਾਡਾ ਜੀ ਦੀ ਪ੍ਰਵਾਨਗੀ ਨਾਲ ਅਡੀਸਨਲ ਡਾਇਰੈਕਟਰ ਜਨਰਲ ਆਫ ਪੁਲਿਸ ( ਇੰਟੈਲੀਜੈਂਸ ਵਿੰਗ ) ਨੂੰ 6250/- ਰੁਪਏ ਪ੍ਰਤੀ ਵਰਗ ਗਜ ਦੇ ਹਿਸਾਬ ਨਾਲ ਕਾਰਜਕਾਰੀ ਕਮੇਟੀ ਤੋਂ ਇਸ ਦੀ ਕਾਰਜ ਬਾਅਦ ਪ੍ਰਵਾਨਗੀ ਮਿਲਣ ਦੀ ਆਸ ਵਿਚ ਅਲਾਟ ਕੀਤਾ ਜਾ ਚੁੱਕਾ ਹੈ(ਅਨੂਲੱਗ ਅ )

ਮੱਦ ਕਾਰਜਕਾਰੀ ਕਮੇਟੀ ਅੱਗੇ ਕਾਰਜਬਾਅਦ ਪ੍ਰਵਾਨਗੀ ਲਈ ਪੇਸ ਹੈ ।

**Subject – Request for allotment of land for Intelligence Wing**

The Intelligence Wing Headquarters is located in Punjab Police Headquarters, Sector 9, Chandigarh. The available space is grossly insufficient to accommodate the Officers and staff, Office branches and Operational Cells and it is adversely affecting the functioning of the Wing. Moreover, expansion of the wing is underway to deal with emerging threats to national security, public order and high-tech crimes. It will be almost impossible to accommodate the additional manpower in the present location.

It is proposed to shift the Intelligence Wing Headquarters to a new location near Chandigarh. A plot of land measuring **1.5 acres in institutional area of .SAS Nagar** will suffice to accommodate the following –

(a) **New Headquarters of Intelligence Wing** – Offices of Head of ADGP/Int, IGP/Intelligence, DIGs, AIGs, office branches and specialized cells, Control room, Conference room etc.

(b) **Special Operations Group** (SOG) – for conducting intelligence-based operations against terrorists, Naxalite elements, drug traffickers etc.

(c) **State Special Operations Cell Police Station** (SSOC PS) – in view of ongoing terrorist and Naxalite activities, drug trafficking, FICN, espionage activities, a separate Police Station is required for registration and investigation of these cases.

All these set-ups are proposed in one complex for maintaining element of secrecy, for operational reasons and for minimizing security requirements.

In addition, the working of Intelligence Wing requires frequent interactions with officers from Central and State agencies and other persons whose identity needs to be kept secret for security reasons. It is requested that a plot of land measuring **1 Kanal** may be allotted in **SAS Nagar Mohali** so that a building could be constructed for this special requirement of Intelligence Wing.

50% ਰਕਮ ਅਲਾਟਮੈਂਟ ਪੱਤਰ ਜਾਰੀ ਹੋਣ ਦੇ 60 ਦਿਨਾਂ ਦੇ ਅੰਦਰ

ਪੁਡਾ / ਪਾਲਿਸੀ ਸ਼ਾਖਾ
ਗਮਾਡਾ, ਮੋਹਾਲੀ · 4410
ਡਾਇਰੀ ਨੰ:
ਮਿਤੀ: 3.5.X

4

It is requested that a plot of land measuring 1.5 acres (in Institutional Area, SAS Nagar) and another measuring 1 Kanal (in SAS Nagar) may kindly be allotted to the Intelligence Wing of Punjab Police.

Detailed proposals are being submitted shortly.

ADGP/Intelligence 23/4.

Recommended

23/4

**DGP** 30-4-2010

**PSH**

May be allotted.

23/4/2010

**Secretary/Housing & Urban Dev.**

Principal Secy. Home Pb
Dy No. 1413-S
Dated 23-4-10

for n/a

28/4

CA. GMADA
30.4.10

03.V.10

O/o Principal Secy. Housing & Urban Dev. Deptt. Pb. Chd.
Diary No. 1553
Dated 29/4

ACA (Policy)

Add Policy

Center Diary
GMADA, Mohali
No. 11274 Dt. 30-04-10

3-5-

3/5/X

ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ
ਪੁੱਡਾ ਭਵਨ, ਸੈਕਟਰ 62, ਸਾਹਿਬਜਾਦਾ ਅਜੀਤ ਸਿੰਘ ਨਗਰ 160 062.

(ਪਾਲਿਸੀ ਸ਼ਾਖਾ)

ਸੇਵਾ ਵਿਖੇ

ਵਧੀਕ ਡਾਇਰੈਕਟਰ ਜਨਰਲ ਆਫ ਪੁਲਿਸ,
ਇੰਟੈਲੀਜੈਂਸ ਵਿੰਗ, ਪੰਜਾਬ ਸਰਕਾਰ, ਚੰਡੀਗੜ੍ਹ।

ਨੰ:ਗਮਾਡਾ(ਪਾਲਿਸੀ)/2010/ 6487
ਮਿਤੀ: 18.5.10

ਵਿਸ਼ਾ: - ਇੰਟੈਲੀਜੈਂਸ ਵਿੰਗ, ਪੰਜਾਬ ਦੇ ਦਫ਼ਤਰ ਲਈ ਸੈਕਟਰ 77, ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ 1.5 ਏਕੜ (7260 ਵ:ਗ:) ਭੋਂ ਅਤੇ ਪਲਾਟ ਨੰ: 58 ਸੈਕਟਰ 63, ਸਾਹਿਬਜਾਦਾ ਅਜੀਤ ਸਿੰਘ ਨਗਰ ਦਾ ਲੈਟਰ ਆਫ ਇੰਟੇਂਟ ਜਾਰੀ ਕਰਨ ਬਾਰੇ।

ਹਵਾਲਾ: - ਆਪ ਦੇ ਨੋਟ ਡਾਇਰੀ ਨੰ: 124 ਮਿਤੀ 23-4-2010 ਦੇ ਹਵਾਲੇ ਵਿਚ।

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਰਾਹੀ ਪ੍ਰਾਪਤ ਹੋਈ ਪ੍ਰਤੀ ਬੇਨਤੀ ਵਿਚਾਰਣ ਉਪਰੰਤ ਸੈਕਟਰ 77 ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ 1.5 ਏਕੜ (7260 ਵ:ਗ:) ਜਮੀਨ ਇੰਟੈਲੀਜੈਂਸ ਵਿੰਗ ਦੇ ਦਫਤਰ ਦੀ ਉਸਾਰੀ ਕਰਨ ਲਈ ਅਤੇ ਪਲਾਟ ਨੰ: 58 ਸੈਕਟਰ 63, ਸਾਹਿਬਜਾਦਾ ਅਜੀਤ ਸਿੰਘ ਨਗਰ ਅਲਾਟ ਕਰਨ ਦਾ ਫੈਸਲਾ ਕੀਤਾ ਗਿਆ ਹੈ। ਲੈਟਰ ਆਫ ਇੰਟੇਟ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:-

1) ਵਿਚਾਰ ਅਧੀਨ ਅਲਾਟ ਕੀਤੀ ਜਾਣ ਵਾਲੀ ਭੋਂ 1.5 ਏਕੜ ( 7260 ਵ:ਗ:) ਦੀ ਅਨੁਮਾਨਿਤ ਰਕਮ @ 9,375/- ਰੁ: ਪ੍ਰਤੀ ਵਰਗ ਗਜ ਦੇ ਹਿਸਾਬ ਨਾਲ 6,80,62,500/- ਰੁ: (ਛੇ ਕਰੋੜ ਅੱਸੀ ਲੱਖ ਬਾਹਟ ਹਜਾਰ ਪੰਜ ਸੌ ਰੁਪਏ) ਬਣਦੀ ਹੈ।

2) 500 ਵ:ਗ: ਦਾ ਪਲਾਟ ਨੰ: 58 ਸੈਕਟਰ 63, ਸਾਹਿਬਜਾਦਾ ਅਜੀਤ ਸਿੰਘ ਨਗਰ 6250/-ਰੁ: ਪ੍ਰਤੀ ਵ:ਗ: ਦੇ ਹਿਸਾਬ ਨਾਲ 31,25,000/-ਰੁ: (ਇਕੱਤੀ ਲੱਖ ਪੰਜੀ ਹਜਾਰ ਰੁਪਏ) ਜਿਸ ਦੀ 50% ਰਕਮ 15,62,500/-ਰੁ: ਬਣਦੀ ਹੈ।

3) ਲੈਟਰ ਆਫ ਇੰਟੇਂਟ ਜਾਰੀ ਹੋਣ ਦੇ 90 ਦਿਨਾਂ ਦੇ ਅੰਦਰ-2 ਆਪ ਨੂੰ ਅਲਾਟ ਕੀਤੀ ਜਾਣ ਵਾਲੀ ਭੋਂ ਅਤੇ ਪਲਾਟ ਦੀ ਅਨੁਮਾਨਿਤ ਰਕਮ ਦਾ 50% ਜੋ ਕਿ 3,55,93,750/- (ਤਿੰਨ ਕਰੋੜ ਪੁਵੰਜਾ ਲੱਖ ਤਰਾਨਵੇਂ ਹਜਾਰ ਸੱਤ ਸੋ ਪੰਜਾਹ ਰੁਪਏ) ਬਣਦਾ ਹੈ, ਜਮ੍ਹਾਂ ਕਰਵਾਉਣਾ ਪਵੇਗਾ। ਇਸ 90 ਦਿਨਾਂ ਦੀ ਸਮੇਂ ਦੀ ਅਵਧੀ ਵਿਚ ਕਿਸੇ ਪ੍ਰਕਾਰ ਦਾ ਕੋਈ ਵੀ ਵਾਧਾ ਨਹੀਂ ਕੀਤਾ ਜਾਵੇਗਾ।

4) ਬਾਕੀ ਬਚਦੀ 50% ਰਕਮ ਸਲਾਨਾ ਬਰਾਬਰ 4 ਕਿਸ਼ਤਾਂ ਵਿਚ 12% ਵਿਆਜ ਸਮੇਤ ਜਮ੍ਹਾਂ ਕਰਵਾਉਣ ਦੇ ਪਾਬੰਦ ਹੋਵੋਂਗੇ

ਜਾਂ

ਅਲਾਟਮੈਂਟ ਪੱਤਰ ਜਾਰੀ ਹੋਣ ਦੇ 60 ਦਿਨਾਂ ਦੇ ਅੰਦਰ-2 ਬਾਕੀ ਬਚਦੀ 50% ਰਕਮ ਬਿਨ੍ਹਾਂ ਕਿਸੇ ਵਿਆਜ ਦੇ ਯਕਮੁਸ਼ਤ ਜਮ੍ਹਾਂ ਕਰਵਾ ਸਕਦੇ ਹੋ। ਜੇਕਰ ਆਪ ਵੱਲੋਂ ਇਹ ਬਾਕੀ ਬਚਦੀ 50% ਰਕਮ ਅਲਾਟਮੈਂਟ ਪੱਤਰ ਜਾਰੀ ਹੋਣ ਦੇ 60 ਦਿਨਾਂ ਦੇ ਅੰਦਰ-2 ਜਮ੍ਹਾਂ ਕਰਵਾ ਦਿੱਤੀ ਜਾਂਦੀ ਹੈ ਤਾਂ ਬਾਕੀ ਬਚਦੀ 50% ਰਕਮ ਤੇ 5% ਰੀਬੇਟ ਦਿੱਤੀ ਜਾਵੇਗੀ। 50% ਬਾਕੀ ਬਚਦੀ ਰਕਮ ਦੀ ਪਹਿਲੀ ਕਿਸ਼ਤ ਅਲਾਟਮੈਂਟ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਇੱਕ ਸਾਲ ਬਾਅਦ ਡਿਊ ਹੋਵੇਗੀ।

5) ਭੌਂ ਦੀ ਅਲਾਟਮੈਂਟ ਪੰਜਾਬ ਰੀਜਨਲ ਐਂਡ ਟਾਊਨ ਪਲੈਨਿੰਗ ਐਂਡ ਡਿਵੈਲਪਮੈਂਟ ਐਕਟ, 1995 ਦੇ ਰੂਲ ਐਂਡ ਰੈਗੂਲੇਸ਼ਨ ਤਹਿਤ ਕੀਤੀ ਜਾਵੇਗੀ। ਇਹਨਾਂ ਸ਼ਰਤਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵੋਗੇ।

6) ਅਲਾਟ ਕੀਤੀ ਜਾਣ ਵਾਲੀ ਭੌਂ ਦੇ ਵੇਰਵਿਆਂ ਦੀ ਪੜਤਾਲ ਵਧੀਕ ਮੁੱਖ ਪ੍ਰਸ਼ਾਸ਼ਕ, ਗਮਾਡਾ, ਸਾਹਿਬਜਾਦਾ ਅਜੀਤ ਸਿੰਘ ਨਗਰ ਜਾਂ ਮੁੱਖ ਨਗਰ ਯੋਜਨਾਕਾਰ ਗਮਾਡਾ, ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਦਫਤਰ ਤੋਂ ਕਰ ਸਕਦੇ ਹੋ।

7) ਪੈਰ੍ਹਾ ਨੰਬਰ 2 ਵਿਚ ਦਰਸਾਈ ਗਈ 50% ਰਕਮ ਪ੍ਰਾਪਤ ਹੋਣ ਉਪਰੰਤ ਵਿਸਤ੍ਰਿਤ ਸ਼ਰਤਾਂ (ਟਰਮਜ ਐਂਡ ਕੰਡੀਸ਼ਨਜ) ਦਾ ਅਲਾਟਮੈਂਟ ਪੱਤਰ ਮਿਲਖ ਅਫਸਰ, ਗਮਾਡਾ, ਮੋਹਾਲੀ ਵਲੋਂ ਜਾਰੀ ਕੀਤਾ ਜਾਵੇਗਾ।

8) ਭੌਂ ਅਤੇ ਪਲਾਟ ਦਾ ਅਲਾਟਮੈਂਟ ਪੱਤਰ "ਜਿਵੇਂ ਹੈ, ਜਿੱਥੇ ਹੈ" ਦੇ ਅਧਾਰ ਤੇ ਭੌਂ ਦੇ ਕਬਜੇ ਸਬੰਧੀ ਪੇਸ਼ਕਸ਼ ਕੀਤੀ ਜਾਵੇਗੀ।

9) ਭੌਂ ਅਤੇ ਪਲਾਟ ਦੇ ਮੰਤਵ ਨੂੰ ਕਿਸੇ ਵੀ ਹਾਲਤ ਵਿਚ ਤਬਦੀਲ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

10) ਅਲਾਟ ਕੀਤੀ ਜਾਣ ਵਾਲੀ ਭੌਂ ਦੀ ਡਿਟੇਲਡ ਪ੍ਰੋਜੈਕਟ ਰਿਪੋਰਟ ਭੇਜੀ ਜਾਵੇਗੀ।

ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋ 90 ਦਿਨਾਂ ਦੇ ਅੰਦਰ-2 ਮੁੱਖ ਪ੍ਰਸ਼ਾਸ਼ਕ, ਗਮਾਡਾ, ਮੋਹਾਲੀ ਦੇ ਹੱਕ ਵਿਚ 3,55,93,750/-ਰੁ: (ਤਿੰਨ ਕਰੋੜ ਪ੍ਰਵੰਜਾ ਲੱਖ ਤਰਾਨਵੇਂ ਹਜਾਰ ਸੱਤ ਸੋ ਪੰਜਾਹ ਰੁਪਏ), ਬੈਂਕ ਡਰਾਫਟ ਦੇ ਰੂਪ ਵਿਚ (ਪੇ ਏਬਲ,ਐਟ ਐਸ.ਏ.ਐਸ. ਨਗਰ) ਜਮ੍ਹਾਂ ਕਰਵਾਏ ਜਾਣ।

ਜੇਕਰ ਨਿਰਧਾਰਤ ਸਮੇ ਦੇ ਅੰਦਰ ਅੰਦਰ ਲੋੜੀਦੀ ਰਕਮ/ਸੂਚਨਾ ਪ੍ਰਾਪਤ ਨਹੀ ਹੁੰਦੀ ਹੈ ਤਾਂ ਲੈਟਰ ਆਫ ਇੰਟੈਂਟ ਆਪਣੇ ਆਪ ਰੱਦ ਹੋ ਜਾਵੇਗਾ।

ਮੁੱਖ ਪ੍ਰਸ਼ਾਸ਼ਕ,
ਗਮਾਡਾ, ਸਾਹਿਬਜਾਦਾ ਅਜੀਤ ਸਿੰਘ ਨਗਰ।

ਪਿੱਠ ਅੰਕਣ ਨੰ:ਗਮਾਡਾ (ਪਾਲਿਸੀ)/2010/ 6488-92 ਮਿਤੀ: 18.5.10

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ: -

1) ਵਧੀਕ ਮੁੱਖ ਪ੍ਰਸ਼ਾਸ਼ਕ, ਗਮਾਡਾ, ਸਾਹਿਬਜਾਦਾ ਅਜੀਤ ਸਿੰਘ ਨਗਰ।
2) ਮੁੱਖ ਨਗਰ ਯੋਜਨਾਕਾਰ, ਗਮਾਡਾ, ਸਾਹਿਬਾਦਾਂ ਅਜੀਤ ਸਿੰਘ ਨਗਰ।
3) ਜਿਲ੍ਹਾ ਨਗਰ ਯੋਜਨਾਕਾਰ, ਗ੍ਰਾਮ ਅਤੇ ਯੋਜਨਾਬੰਦੀ ਵਿਭਾਗ, ਪੰਜਾਬ,ਸਾਹਿਬਜਾਦਾ ਅਜੀਤ ਸਿੰਘ ਨਗਰ।
4) ਮਿਲਖ ਅਫਸਰ, ਗਮਾਡਾ, ਸਾਹਿਬਜਾਦਾ ਅਜੀਤ ਸਿੰਘ ।
5) ਲੇਖਾ ਅਫਸਰ (ਮੁੱਖ ਦਫਤਰ), ਗਮਾਡਾ, ਸਾਹਿਬਜਾਦਾ ਅਜੀਤ ਸਿੰਘ

18/5/2010
ਸੁਪਰਡੰਟ (ਪਾਲਿਸੀ)
ਵਾ: ਮੁੱਖ ਪ੍ਰਸ਼ਾਸ਼ਕ।

ਅਜੰਡਾ ਆਈਟਮ ਨੰ: 10.05
(ਕਾਰਜਕਾਰੀ ਕਮੇਟੀ)
(ਪਾਲਿਸੀ ਸ਼ਾਖਾ)

ਵਿਸ਼ਾ:- ਕੋ-ਆਪ੍ਰੇਟਿਵ ਹਾਊਸ ਬਿਲਡਿੰਗ ਸੋਸਾਈਟੀਆਂ ਵੱਲੋਂ ਦੇਰੀ ਨਾਲ ਜਮ੍ਹਾਂ ਕਰਵਾਈ ਰਕਮ ਦੀ ਦੇਰੀ ਨੂੰ ਕੰਡੋਨ ਕਰਨ ਬਾਰੇ।

ਸਹਿਰੀ ਮਿਲਖ ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਕੋ-ਆਪ੍ਰੇਟਿਵ ਹਾਊਸ ਬਿਲਡਿੰਗ ਸੋਸਾਇਟੀਆਂ ਨੂੰ ਭੌਂ ਦੀ ਅਲਾਟਮੈਂਟ ਕਰਨ ਲਈ ਲੈਟਰ ਆਫ ਇੰਟੈਂਟ ਜਾਰੀ ਕੀਤੇ ਗਏ ਸਨ ਅਤੇ ਲੈਟਰ ਆਫ ਇੰਟੈਂਟ ਦੀਆਂ ਸਰਤਾਂ ਅਨੁਸਾਰ ਇਹ ਰਕਮ ਲੈਟਰ ਆਫ ਇੰਟੈਂਟ ਜਾਰੀ ਹੋਣ ਦੀ ਮਿਤੀ ਤੋ 90 ਦਿਨ ਦੇ ਅੰਦਰ-2 ਜਮ੍ਹਾਂ ਕਰਵਾਉਣੀ ਬਣਦੀ ਸੀ ਜੋ ਮਿਤੀ 18-4-2010 ਦਿਨ ਐਤਵਾਰ ਹੋਣ ਕਰਕੇ ਛੁੱਟੀ ਸੀ। ਹੇਠ ਲਿਖੀਆਂ ਸੋਸਾਇਟੀਆਂ ਵੱਲੋਂ ਮਿਤੀ 19-4-2010 ਨੂੰ ਦਫਤਰ ਵਿਚ ਰਕਮ ਜਮ੍ਹਾਂ ਕਰਵਾਈ ਹੈ:-

1. ਦੀ ਮੈਡੀਕਲ ਵੈਟਰਨਰੀ ਐਂਡ ਪੈਰਾਮੈਡੀਕਲ ਸਟਾਫ ਕੋ-ਆਪ੍ਰੇਟਿਵ ਹਾਊਸ ਬਿਲਡਿੰਗ ਸੋਸਾਇਟੀ।
2. ਦੀ ਏ.ਸੀ.ਸੀ. ਮੈਂਬਰ ਕੋ-ਆਪ੍ਰੇਟਿਵ ਹਾਊਸ ਬਿਲਡਿੰਗ ਸੋਸਾਇਟੀ।
3. ਦੀ ਹਿੰਦੁਸਤਾਨ ਟਾਈਮਜ ਕੋ-ਆਪ੍ਰੇਟਿਵ ਹਾਊਸ ਬਿਲਡਿੰਗ ਸੋਸਾਇਟੀ।
4. ਦੀ ਸਵਾਸਤਿਕ ਆਰ.ਬੀ.ਆਈ.ਸਟਾਫ ਕੋ-ਆਪ੍ਰੇਟਿਵ ਹਾਊਸ ਬਿਲਡਿੰਗ ਸੋਸਾਇਟੀ।

2. ਮਕਾਨਾਂ ਦੇ ਕੇਸਾਂ ਵਿਚ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਡਿਊ ਰਕਮ ਛੁੱਟੀ ਵਾਲੇ ਦਿਨ ਆਉਂਦੀ ਹੋਵੇ ਤਾਂ ਅਗਲੇ ਵਰਕਿੰਗ ਵਾਲੇ ਦਿਨ ਰਕਮ ਜਮ੍ਹਾਂ ਕਰਵਾਈ ਜਾ ਸਕਦੀ ਹੈ ਅਤੇ ਦੇਰੀ ਦੀ ਰਕਮ ਤੇ ਵਿਆਜ ਵਸੂਲ ਕੀਤਾ ਜਾਂਦਾ ਹੈ ਪਰੰਤੂ ਇੰਸਟੀਚਿਊਸਨਲ ਸਾਈਟਾਂ ਵਿਚ ਅਜਿਹੀਆਂ ਹਦਾਇਤਾਂ ਨਹੀਂ ਹਨ। ਮਿਤੀ 20-8-02 (ਅਨੁਲੱਗ ੳ) ਨੂੰ ਜਾਰੀ

22

ਕੀਤੀਆਂ ਹਦਾਇਤਾਂ ਵਿਚ ਹੇਠ ਲਿਖੇ ਅਨੁਸਾਰ ਉਪਬੰਧ ਕੀਤਾ ਹੋਇਆ ਹੈ:-

| Sr.No. | Period of condonation | Officer who can condone the delay | Rate of surcharge levialble on 15% amount |
|---|---|---|---|
| 1. | Upto 1 month | Chief Administrator | 1.5% surcharge on the amount due and interest 18% p.a.of delayed payment. |
| 2. | Upto 3 months ( on in respect of hardship cases ) | Chairman | As above |

3. ਉਪਰੋਕਤ ਹਦਾਇਤਾਂ ਅਨੁਸਾਰ ਇਕ ਮਹੀਨੇ ਦੀ ਦੇਰੀ ਨਾਲ ਜਮ੍ਹਾਂ ਕਰਵਾਈ ਗਈ ਰਕਮ ਦੀ ਦੇਰੀ ਨੂੰ ਮੁੱਖ ਪ੍ਰਸਾਸਕ ਜੀ ਕੰਡੋਨ ਕਰ ਸਕਦੇ ਹਨ ਪਰ ਇਸ ਪਾਲਿਸੀ ਵਿਚ ਇੰਸਟੀਚਿਊਸਨਲ ਸਾਈਟਾਂ ਦੇ ਕੇਸਾਂ ਵਿਚ ਜੇਕਰ ਆਖਰੀ ਮਿਤੀ ਛੁੱਟੀ ਵਾਲਾ ਦਿਨ ਹੋਵੇ ਤਾਂ ਅਗਲੇ ਦਿਨ ਰਕਮ ਪ੍ਰਵਾਨ ਕਰਨ ਦਾ ਕੋਈ ਉਪਬੰਧ ਨਹੀਂ ਹੈ । ਉਕਤ ਸੋਸਾਇਟੀਆਂ ਵੱਲੋਂ ਜਮ੍ਹਾਂ ਕਰਵਾਈ ਗਈ ਰਕਮ ਇਸ ਸਰਤ ਤੇ ਪ੍ਰਵਾਨ ਕੀਤੀ ਗਈ ਹੈ ਕਿ ਅਥਾਰਿਟੀ ਵੱਲੋਂ ਜੋ ਵੀ ਫੈਸਲਾ ਹੋਵੇਗਾ ਉਹ ਸੋਸਾਇਟੀਆਂ ਮੰਨਣ ਲਈ ਪਾਬੰਦ ਹੋਣਗੀਆਂ।

ਮਾਮਲਾ ਕਾਰਜਕਾਰੀ ਕਮੇਟੀ ਅੱਗੇ ਵਿਚਾਰਨ ਅਤੇ ਫੈਸਲੇ ਲਈ ਪੇਸ਼ ਹੈ :-

1. ਰਕਮ ਦੀ ਅਦਾਇਗੀ ਦੀ ਆਖਰੀ ਮਿਤੀ ਨੂੰ ਐਤਵਾਰ ਦੀ ਛੁੱਟੀ ਹੋਣ ਕਰਕੇ ਸੋਸਾਇਟੀਆਂ ਵੱਲੋਂ ਜਮ੍ਹਾਂ ਕਰਵਾਈ ਗਈ ਰਕਮ ਬਿਨਾਂ ਪਨੈਲਟੀ, ਸਰਚਾਰਜ ਆਦਿ ਦੇ ਪ੍ਰਵਾਨ ਕੀਤੀ ਜਾਣੀ ਹੈ ਜਾਂ ਪੈਰਾ 2 ਵਿਚ ਦਰਸਾਈ ਪਾਲਿਸੀ ਅਨੁਸਾਰ ਵਿਆਜ ਅਤੇ ਸਰਚਾਰਜ ਵਸੂਲਿਆਂ ਜਾਣਾ ਹੈ।

2. ਜੇਕਰ ਛੁੱਟੀ ਵਾਲਾ ਦਿਨ ਹੋਣ ਕਰਕੇ ਬਿਨਾਂ ਪਨੈਲਟੀ ਸਰਚਾਰਜ ਆਦਿ ਦੇ ਰਕਮ ਪ੍ਰਵਾਨ ਕਰਨ ਦਾ ਫੈਸਲਾ ਲਿਆ ਜਾਂਦਾ ਹੈ ਤਾਂ ਅੱਗੋਂ ਵਾਸਤੇ ਸਾਰੇ ਕੇਸਾਂ ਵਿਚ ਬਿਨ੍ਹਾਂ ਵਿਆਜ ਅਤੇ ਸਰਚਾਰਜ ਦੀ ਵਸੂਲੀ ਦੇ ਰਕਮ ਛੁੱਟੀ ਤੋਂ ਅਗਲੇ ਦਿਨ ਪ੍ਰਵਾਨ ਕਰਨ ਹਿੱਤ ਵੀ ਫੈਸਲੇ ਲਈ ਪੇਸ ਹੈ।

Subject:- **POLICY FOR CONDONATION DELAY IN RESPECT OF RESIDENTIAL PLOTS, COMMERCIAL/RESIDENTIAL PLOTS ALLOTTED THROUGH AUCTION AND INSTITUTIONAL SITES.**

Please refer to the subject cited and this is to inform that under the existing policy guidelines, the initial 15% amount towards the price of the residential/commercial plots is required to be paid within 30 days from the date of issue of allotment letter and in the case of institutional sites within 90 days from the date of issue of letter of intent.

It is felt that in some genuine cases, allottees could not make the payment of 15% initial amount within the stipulated period under circumstances beyond their control. Keeping in view the genuine difficulties of the allottees, the matter was placed before the Finance and Accounts Committee in its 32nd meeting held on 9.8.02 vide agenda item no. 32.18 with the proposal that some extra period beyond the stipulated period may be allowed on payment of surcharge. The Finance & Accounts Committee have approved the proposal as under:-

1. Condonation of delay in respect of residential plots:-

| Sr.No. | Period of condonation | Officer who can condone the delay | Rate of surchage leviable on 15% amount |
|---|---|---|---|
| 1. | Upto 30 days from the expiry of prescribed period in allotment letter | Estate Officer | 1.5% of the amount due |
| 2. | Upto 60 days from the expirty of prescribed period in allotment letter | Addl. Chief Administrator | 2.0% of the amount due |
| 3. | Upto 60 days from the expirty of prescribed period in allotment letter | Chief Administrator | 2.5% of the amount due |
| 4. | Upto 60 days from the expirty of prescribed period in allotment letter | Chairman | 3.0% of the amount due |

2. **Condonation of delay in respect of Commercial/Residential plots allotted through auction:-**

| Sr.No. | Period of condonation | Officer who can condone the delay | Rate of surchage leviable on 15% amount |
|---|---|---|---|
| 1. | Upto 30 days from the expiry of prescribed period in allotment letter | Estate Officer | 1.5% of the amount due |
| 2. | Upto 60 days from the expirty of prescribed period in allotment letter | Addl. Chief Administrator | 2.0% of the amount due |
| 3. | Upto 60 days from the expirty of prescribed period in allotment letter | Chief Administrator | 2.5% of the amount due |
| 4. | Upto 60 days from the expirty of prescribed period in allotment letter | Chairman | 3.0% of the amount due |

NOTE:-

1. Besides surcharge, the allottee shall have to pay penal interest @ 18% P.A. on the 15% amount for the delayed period, but the extension, shall only be granted, if the request for extension is received within the prescribed period of making I5%. amount in the allotment letter to complete 25% cost of the plot/house. Competent Authority as defined above, will grant extension with reasons to be recorded and the grant of extension is not the right of the allottee.
2. The Estate Officer will initiate action under Section 45 if the 25% amount is not completed within the prescribed period in the allotment letter or extended period.

**3. Condonation of delay in respect of institutional sites:-**

| Sr.No. | Period of condonation | Officer who can condone the delay | Rate of surchage leviable on 15% amount |
|---|---|---|---|
| 1. | Upto 1 month | Chief Administrator | 1.5% surcharge on the amoutn due and interest @ 18% p.a. of delayed payment. |
| 2. | Upto 3 months (only in respect of hardship cases) | Chairman | As above |

you are, therefore, requested to take further necessary action in the matter accordingly. These instructions may also be brought to the notice of nil concerned for strict compliance.

*(Issued vide Endst. No. PUDA-Policy/02/6153-57 Dated 20-08-02)*

ਅਜੰਡਾ ਆਈਟਮ ਨੰ: 10.06
(ਕਾਰਜਕਾਰੀ ਮੀਟਿੰਗ)

ਵਿਸ਼ਾ :- ਐਸ.ਏ.ਐਸ. ਨਗਰ ਵਿਖੇ ਕਬਰਸਤਾਨ ਦੀ ਸਾਈਟ ਦੇਣ ਬਾਰੇ।

ਗਮਾਡਾ ਵੱਲੋਂ ਸ਼ਹਿਰੀ ਮਿਲਖ ਐਸ.ਏ.ਐਸ. ਨਗਰ ਵਿਖੇ ਵੱਖ-ਵੱਖ ਸਮੇਂ ਵੱਖ-ਵੱਖ ਸਕੀਮਾਂ ਰਾਹੀਂ ਜਨਤਕ ਮੰਤਵ ਲਈ ਭੌਂ ਪ੍ਰਾਪਤ ਕਰਕੇ ਪਬਲਿਕ ਨੂੰ ਉਨ੍ਹਾਂ ਦੀ ਜਰੂਰਤ ਅਨੁਸਾਰ ਸਹੂਲਤਾਂ ਮੁਹੱਈਆਂ ਕਰਵਾਈਆਂ ਜਾਂਦੀਆਂ ਹਨ। ਵੱਖ-ਵੱਖ ਸਕੀਮਾਂ ਦੌਰਾਨ ਪ੍ਰਾਪਤ ਕੀਤੀ ਗਈ ਭੌਂ ਸਮੇਂ ਵੇਖਣ ਵਿੱਚ ਆਇਆ ਹੈ ਕਿ ਪਹਿਲਾਂ ਕਬ਼ਰਸਤਾਨ ਜੋ ਕਿ ਸੈਕਟਰ-9 ਵਿੱਚ ਹੈ, ਸ਼ਹਿਰੀ ਵੱਸੋ ਦਰਮਿਆਨ ਆ ਚੁੱਕਾ ਹੈ। ਜੇਕਰ ਕਿਸੇ ਮੁਸਲਿਮ ਭਾਈਚਾਰੇ ਨਾਲ ਸਬੰਧਤ ਵਿਅਕਤੀ ਦੀ ਮੌਤ ਹੁੰਦੀ ਹੈ ਤਾਂ ਕਬਰਸਤਾਨ ਜਗ੍ਹਾਂ ਦੇ ਨਜਦੀਕ ਰਹਿੰਦੇ ਲੋਕਾਂ ਵਿੱਚ ਤਲਖੀ ਦਾ ਮਾਹੋਲ ਪੈਦਾ ਹੋ ਜਾਂਦਾ ਹੈ। ਇਸ ਸਬੰਧ ਵਿੱਚ ਡਿਪਟੀ ਕਮਿਸ਼ਨਰ, ਐਸ.ਏ.ਐਸ. ਨਗਰ ਵੱਲੋਂ ਪੱਤਰ ਨੰ: 904 ਮਿਤੀ 29-4-2010 (ਅਨੁਲਗ-ੳ) ਰਾਹੀਂ ਸੂਚਿਤ ਕੀਤਾ ਹੈ ਕਿ ਫੇਜ-9 ਐਸ.ਏ.ਐਸ. ਨਗਰ ਵਿਖੇ ਕਬਰਸਤਾਨ ਦੀ ਜਗ੍ਹਾਂ ਤੇ ਪਹਿਲਾਂ ਵੀ ਕਈ ਵਾਰ ਮ੍ਰਿਤਕ ਦੇਹਾਂ ਦਫਨਾਉਣ ਸਮੇਂ ਮੁਸਲਿਮ ਭਾਈਚਾਰੇ ਅਤੇ ਕਬਰਸਤਾਨ ਦੀ ਜਗ੍ਹਾਂ ਦੇ ਨਜਦੀਕ ਰਹਿੰਦੇ ਲੋਕਾਂ ਵਿੱਚ ਤਲਖੀ ਦਾ ਮਾਹੋਲ ਪੈਦਾ ਹੋਇਆ ਹੈ।

ਐਸ.ਏ.ਐਸ. ਨਗਰ ਵਿਖੇ ਕਬਰਸਤਾਨ ਦੀ ਸਾਈਟ ਦੇਣ ਬਾਰੇ ਪ੍ਰਧਾਨ, ਹੁਸੈਨੀ ਐਸੋਸੀਏਸ਼ਨ ਵੱਲੋਂ ਆਪਣੇ ਪੱਤਰ ਮਿਤੀ 19-3-2010 (ਅਨੁਲਗ-ਅ) ਜੋ ਕਿ ਮੁੱਖ ਮੰਤਰੀ, ਪੰਜਾਬ ਜੀ ਨੂੰ ਸੰਬੋਧਿਤ ਕਰਦੇ ਹੋਏ ਬੇਨਤੀ ਕੀਤੀ ਹੈ ਕਿ ਉਨ੍ਹਾਂ ਨੂੰ ਲਗਭਗ

1 ਏਕੜ ਭੌਂ ਕਬਰਸਤਾਨ ਲਈ ਅਲਾਟ ਕੀਤੀ ਜਾਵੇ ਅਤੇ ਵਿਸ਼ਵਾਸ਼ ਦਿਵਾਇਆ ਹੈ ਕਿ ਉਹ ਇਲਾਕੇ ਵਿੱਚ ਸ਼ਾਂਤੀ ਦਾ ਮਾਹੌਲ ਬਣਾਕੇ ਰਖਣਗੇ।

ਐਸ.ਏ.ਐਸ. ਨਗਰ ਦਾ ਮਾਸਟਰ ਪਲੈਨ ਤਿਆਰ ਕੀਤਾ ਜਾ ਚੁੱਕਾ ਹੈ ਜਿਸ ਵਿੱਚ ਕਬਰਸਤਾਨ ਵਾਸਤੇ ਕੋਈ ਤਜਵੀਜ ਨਹੀਂ ਕੀਤੀ ਗਈ ਹੈ। ਇਸ ਸਬੰਧ ਵਿੱਚ ਜਿਲਾ ਨਗਰ ਯੋਜਨਾਕਾਰ, ਪੰਜਾਬ, ਐਸ.ਏ.ਐਸ. ਨਗਰ ਵੱਲੋਂ ਸੈਕਟਰ-100 ਵਿੱਚ ਕਬਰਸਤਾਨ ਦੇਣ ਲਈ ਕੇਸ ਤਿਆਰ ਕਰਦੇ ਹੋਏ ਸੂਚਿਤ ਕੀਤਾ ਹੈ ਕਿ ਜਿਸ ਥਾਂ ਉਤੇ ਮੌਜੂਦਾ ਕਰੀਮੇਸ਼ਨ ਗਰਾਊਂਡ ਉਸਰਿਆ ਹੋਇਆ ਹੈ, ਉਸ ਦੇ ਪਿਛਲੇ ਪਾਸੇ ਪੈਂਦੀ ਸ਼ਾਮਲਾਤ/ ਪੰਚਾਇਤੀ ਰਕਬੇ ਵਿੱਚੋਂ ਲਗਭਗ 5 ਏਕੜ ਰਕਬਾ ਜੋ ਕਿ ਪਿੰਡ ਬਲੌਂਗੀ ਵਿੱਚ ਪੈਂਦਾ ਹੈ, ਕਬਰਸਤਾਨ ਲਈ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਨਾਲ ਹੀ ਉਨ੍ਹਾਂ ਨੇ ਕਿਹਾ ਹੈ ਕਿ ਅਜਿਹਾ ਕਰਨ ਨਾਲ ਮੌਜੂਦਾ ਕਰੀਮੇਸ਼ਨ ਗਰਾਊਂਡ ਵਿੱਚ ਜੋ ਪਾਰਕਿੰਗ ਅਤੇ ਹੋਰ ਸਹੂਲਤਾ ਮੁਹੱਈਆਂ ਕੀਤੀਆਂ ਹੋਈਆਂ ਹਨ, ਉਨ੍ਹਾਂ ਨੂੰ ਉਸੇ ਤਰ੍ਹਾਂ ਹੀ ਵਰਤੋਂ ਵਿੱਚ ਲਿਆਇਆ ਜਾ ਸਕਦਾ ਹੈ ਅਤੇ ਉਸ ਦੀ ਹੋਈ ਬਾਊਂਡਰੀ ਵਾਲ ਵਿੱਚੋਂ ਇੱਕ ਗੇਟ ਦਿੰਦੇ ਹੋਏ ਪੰਚਾਇਤੀ ਰਕਬੇ ਨੂੰ ਇਸ ਮੰਤਵ ਵਾਸਤੇ ਵਰਤਿਆ ਜਾ ਸਕਦਾ ਹੈ ਇਹ ਭੌਂ ਪਿੰਡ ਬਲੌਂਗੀ ਵਿੱਚ ਸ਼ਾਮਲਾਤ ਪੰਚਾਇਤੀ ਰਕਬੇ ਵਿੱਚ ਹੈ ਜਿਸ ਨੂੰ ਗਮਾਡਾ ਵੱਲੋਂ ਐਸ.ਏ.ਐਸ. ਨਗਰ ਵਿਖੇ ਕਬਰਸਤਾਨ ਦੀ ਭੌਂ ਮੁਹੱਈਆਂ ਕਰਵਾਉਣ ਲਈ ਐਕੁਆਇਰ ਕੀਤਾ ਜਾ ਸਕਦਾ ਹੈ। ਕਿਉਂਕਿ ਐਸ.ਏ.ਐਸ. ਨਗਰ ਵਿੱਚ ਮਿਊਂਸਪਲ ਕੌਂਸਲ ਹੋਂਦ ਵਿੱਚ ਹੈ ਇਸ ਲਈ ਗਮਾਡਾ ਵੱਲੋਂ ਕਬਰਸਤਾਨ ਲਈ ਭੌਂ ਐਕੁਆਇਰ ਕਰਕੇ ਇਸ ਦੇ ਵਿਕਾਸ ਤੇ ਖਰਚਾ ਕਰਨ ਉਪਰੰਤ ਇਹ ਭੌਂ ਮਿਊਂਸਪਲ ਕੌਂਸਲ ਨੂੰ ਤਬਦੀਲ ਕਰ ਦਿੱਤੀ ਜਾਵੇਗੀ।

ਅਜੰਡਾ ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ ਵਿੱਚ ਪ੍ਰਵਾਨਗੀ ਲਈ ਪੇਸ਼ ਹੈ ।

11267
4/5/10

ਦਫ਼ਤਰ ਡਿਪਟੀ ਕਮਿਸ਼ਨਰ,ਐਸ.ਏ.ਐਸ.ਨਗਰ
(ਸ.ਕ.ਸ਼ਾਖਾ)

ਡਾਇਰੀ ਨੰ: 4415
ਮਿਤੀ: 4/5/X

CA 30.4.10

ਸੇਵਾ ਵਿਖੇ

ਮੁੱਖ ਪ੍ਰਸ਼ਾਸਕ,
ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ,
ਐਸ.ਏ.ਐਸ.ਨਗਰ।

ACA (Policy)

ਨੰ: 904 /ਸ.ਕ/ਨਸਕ-2 ਮਿਤੀ: 29/4/2010

ਵਿਸ਼ਾ:- ਪਿੰਡ ਕੁੰਭੜਾ (ਫ਼ੇਸ-9) ਐਸ.ਏ.ਐਸ.ਨਗਰ ਵਿੱਚ ਪੈਂਦੀ ਕਬਰਸਤਾਨ ਦੀ ਜਗ੍ਹਾਂ ਸਬੰਧੀ।

ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ ਫ਼ੇਸ਼-9 ਐਸ.ਏ.ਐਸ.ਨਗਰ ਵਿਖੇ ਕਬਰਸਤਾਨ ਦੀ ਜਗ੍ਹਾ ਤੇ ਪਹਿਲਾਂ ਵੀ ਕਈ ਵਾਰ ਮ੍ਰਿਤਕ ਦੇਹਾਂ ਦਫ਼ਨਾਉਂਣ ਸਮੇਂ ਮੁਸਲਿਮ ਭਾਈਚਾਰੇ ਅਤੇ ਕਬਰਸਤਾਨ ਦੀ ਜਗ੍ਹਾਂ ਤੇ ਨਜਦੀਕ ਰਹਿੰਦੇ ਲੋਕਾਂ ਵਿੱਚ ਤਲਖੀ ਦਾ ਮਾਹੌਲ ਪੈਦਾ ਹੋਇਆ ਹੈ।' ਇਸੇ ਤਰ੍ਹਾਂ ਮਿਤੀ 11.4.2010 ਨੂੰ ਭੀ ਦੋਵੇਂ ਧਿਰਾਂ ਦਰਮਿਆਨ ਸ੍ਰੀ ਗੁਰਨਾਮ ਖਾਂ ਦੀ ਮ੍ਰਿਤਕ ਦੇਹ ਦਫ਼ਨਾਉਣ ਸਮੇਂ ਕਾਫ਼ੀ ਖਿੱਚੋਤਾਨ ਰਹੀ। ਉਸ ਦਿਨ ਦੋਨਾਂ ਧਿਰਾਂ ਦਰਮਿਆਨ ਇਹ ਫੈਸਲਾ ਹੋਇਆ ਕਿ ਮ੍ਰਿਤਕ ਦੀ ਦੇਹ ਨੂੰ ਇਸ ਬਾਰੇ ਉਕਤ ਕਬਰਸਤਾਨ ਵਿੱਚ ਦਫ਼ਨਾ ਦਿੱਤਾ ਜਾਵੇ ਪਰ ਇਸ ਤੋਂ ਬਾਅਦ ਜੇਕਰ ਕੋਈ ਹੋਰ ਮੌਤ ਹੁੰਦੀ ਹੈ ਤਾਂ ਮ੍ਰਿਤਕ ਦੇਹ ਨੂੰ ਕਿਸੇ ਹੋਰ ਥਾਂ ਦਫ਼ਨਾਇਆ ਜਾਵੇਗਾ ਅਤੇ ਹੋਰ ਜਗ੍ਹਾ ਮੁਹੱਈਆ ਕਰਵਾਉਣ ਲਈ ਪ੍ਰਸ਼ਾਸ਼ਨ ਵੀ ਮਦਦ ਕਰੇਗਾ।

ਇਸ ਸਬੰਧ ਵਿੱਚ ਨਿਮਨ ਹਸਤਾਖਰ ਵਲੋਂ ਪਹਿਲਾਂ ਵੀ ਮਿਤੀ 7.8.2009 ਨੂੰ ਇਕ ਮੀਟਿੰਗ ਕੀਤੀ ਗਈ ਸੀ। ਜਿਸ ਵਿੱਚ ਆਪ ਦੇ ਦਫ਼ਤਰ ਵਲੋਂ ਸ੍ਰੀ ਸੰਤੋਸ਼ ਕੁਮਾਰ ਬੈਂਸ, ਐਸ.ਡੀ.ਓ. ਹਾਜ਼ਰ ਸਨ। ਇਸ ਮੀਟਿੰਗ ਦੀ ਕਾਰਵਾਈ ਦੀ ਕਾਪੀ ਵੀ ਇਸ ਦਫ਼ਤਰ ਦੇ ਪੱਤਰ ਨੰ: 3024-3028 ਮਿਤੀ 24.8.09 ਰਾਹੀਂ ਆਪ ਨੂੰ ਭੇਜੀ ਗਈ ਸੀ।

ਇਸ ਸਬੰਧ ਵਿੱਚ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਲੋਕਾਂ ਦੀਆਂ ਭਾਵਨਾਵਾਂ ਨੂੰ ਦੇਖਦਿਆਂ ਹੋਇਆ ਮੁਸਲਿਮ ਭਾਈਚਾਰੇ ਅਤੇ ਇਸ ਦੇ ਨਾਲ-ਨਾਲ ਕਰੀਸ਼ਚਿਅਨ ਭਾਈਚਾਰੇ ਦੀਆਂ ਮ੍ਰਿਤਕ ਦੇਹਾਂ ਨੂੰ ਦਫ਼ਨਾਉਣ ਲਈ ਵੀ ਕੋਈ ਢੁਕਵੀ ਜਗ੍ਹਾਂ ਦਾ ਪ੍ਰਬੰਧ ਕੀਤਾ ਜਾਵੇ।

ਡਿਪਟੀ ਕਮਿਸ਼ਨਰ,
ਐਸ.ਏ.ਐਸ.ਨਗਰ।

ਪਿੱਠ ਅੰਕਣ ਨੰ: /ਸ.ਕ/ਨ.ਸ.ਕ-2 ਮਿਤੀ:

ਇਸ ਦਾ ਇਕ ਉਤਾਰਾ ਉਪ ਮੰਡਲ ਮੈਜਿਸਟਰੇਟ, ਐਸ.ਏ.ਐਸ.ਨਗਰ ਨੂੰ ਉਨ੍ਹਾਂ ਦੇ ਪੱਤਰ ਨੰ: 430/ਫ਼.ਕ-2 ਮਿਤੀ 12.4.2010 ਦੇ ਹਵਾਲੇ ਵਿੱਚ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਕਮਿਸ਼ਨਰ,
ਐਸ.ਏ.ਐਸ.ਨਗਰ।

Center Diary
GMADA, Mohali
No. 11267 Dt. 30-04-10

5.5.10

Plz speak

18.III.10

بسم الله الرحمن الرحيم

# Hussainy Association

Regd. No. 417 dt. 16.5.2001


PRESIDENT
**Mohd. Anees Haider**
1256, Sector 44-B,
Chandigarh
Phone : ~~600862~~ 9888422202

Sr. VICE PRESIDENT
**Ahmad**
3442, Sector 27-D,
Chandigarh
Phone : 652821

VICE PRESIDENT
**Ali Imam**
981, Phase 4,
Mohali

GENERAL SECRETARY
**Waseem Haider**
610, Phase-4,
Mohali
Phone : ~~264477~~ 9815072993

SECRETARY
**Mohd. Raza**
HE 156-M, Phase -7,
Mohali

PROPAGANDA SECRETARY
**Irshad**
366, Phase-2,
Mohali

TREASURER
**Mohd. Hasnain Naqvi**
864, Phase-4,
Mohali
Phone : 268515

AUDITOR
**Badshah Rizvi**
1012, Sector -2
Panch Kula
Phone : 575552

EDITOR
**N. K. Sharma**
630, Phase-4,
Mohali
Phone : 265630

**Prof. Nashir Naqvi**
Q-4, Pb Univ. Campus
Patiala
Ph. : 283512

ADVISOR
**Shahid Hasnain**
21 Sector 42,
Chandigarh
Ph. : 611745


DATE ..........................

542
15/3/10

Hon'ble Chief Minister, Punjab,
Chandigarh.

Sub **Allotment of one acre plot in Mohali for Cremation Ground for the disposal of dead bodies of Shia Muslims.**

Sir,

We, on behalf of shia muslim residents of Mohali do hereby request as under :-

(1) That about 20,000 shia muslims are residing at Mohali;

(2) That the dead bodies of shia muslims are required to be cremated as per islamic law laid down for shia muslims. But there is no cremation ground provided for the shia muslims at Mohali. Resultantly, the shia muslims are compelled to take their dead to Malerkotla or other far off places. Not only that shia muslims are to spend large sum of money but they are made to suffer agony & pain for the reason that they are not provided the basic requirement of a Cremation Ground.

(3) In the circumstances explained above, it is requested that a plot of atleast one acre of land may kindly be earmarked for the disposal of dead bodies of shia muslims as per laws for the shia muslims.

(4) We assure you to provide requisite help and cooperation for the maintenance and upkeep of the Cremation Ground for Shia Muslims.

Yours faithfully,

Center Diary
GMADA, Mohali
No. 1049 Dt. 19.3.10

(Signature)
Mohd Anees Haider
President
98884-22202 (M)

Cc Shri N.K.Sharma, President, District Planning Board, Mohali

# ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅੱਥਾਰਿਟੀ

ਅਜੰਡਾ ਆਈਟਮ ਨੰ: 10.07
(ਕਾਰਜਕਾਰੀ ਕਮੇਟੀ ਦੀ ਮੀਟਿੰਗ)

ਵਿਸ਼ਾ: ਮੁੱਲਾਂਪੁਰ ਪਲੈਨਿੰਗ ਏਰੀਏ ਦਾ ਸਰਵੇ ਕਰਵਾਉਣ ਸਬੰਧੀ।

1. ਮੈ/ਸ ਜੁਰੌਂਗ ਸਿੰਗਾਪੁਰ ਬੇਸਡ ਏਜੇਂਸੀ ਜੋ ਕਿ ਮੋਹਾਲੀ ਦੇ ਮਾਸਟਰ ਪਲੈਨ ਲਈ ਬਤੌਰ ਕੰਨਸਲਟੈਂਟ ਨਿਯੁਕਤ ਕੀਤੀ ਹੋਈ ਹੈ, ਵੱਲੋਂ ਮੁੱਲਾਂਪੁਰ ਪਲੈਨਿੰਗ ਏਰੀਏ ਦਾ ਮਾਸਟਰ ਪਲੈਨ ਵੀ ਤਿਆਰ ਕੀਤਾ ਗਿਆ ਹੈ ਜਿਹੜਾ ਕਿ ਪਲਾਨਿੰਗ ਬੋਰਡ ਵੱਲੋਂ ਪ੍ਰਵਾਨ ਕਰ ਦਿੱਤਾ ਗਿਆ ਹੈ ਅਤੇ ਪੰਜਾਬ ਸਰਕਾਰ ਦੀ ਮੀਮੋ ਨੰ: 12/43/2006-4HG1/7883 ਮਿਤੀ 11-12-2008 ਰਾਹੀਂ ਜਾਰੀ ਕੀਤਾ ਗਿਆ ਅਤੇ ਟਾਉਨ ਅਤੇ ਕੰਟਨੀ ਪਲੈਨਿੰਗ ਵਿਭਾਗ ਪੰਜਾਬ ਸਰਕਾਰ ਵੱਲੋਂ ਮਿਤੀ 12/16 ਦਸਬੰਰ 2008 ਨੂੰ ਨੋਟੀਫਾਈ ਕਰ ਦਿੱਤਾ ਗਿਆ ਹੈ।

2. ਗਮਾਡਾ ਨੂੰ ਪੰਜਾਬ ਸਰਕਾਰ ਦੇ ਬੀਹਾਫ ਤੇ ਬਤੌਰ ਨੋਡਲ ਏਜੇਂਸੀ ਇਸ ਮਾਸਟਰ ਪਲੈਨ ਨੂੰ ਇੰਮਪਲੀਮੈਂਟ ਕਰਨ ਲਈ ਨਿਯੁਕਤ ਕੀਤਾ ਗਿਆ ਹੈ ਅਤੇ ਪੰਜਾਬ ਸਰਕਾਰ ਵੱਲੋਂ ਇਸ ਪਲੈਨਿੰਗ ਏਰੀਏ ਵਿੱਚ ਮੈਗਾ ਪ੍ਰੋਜੈਕਟਸ ਵੀ ਪ੍ਰਵਾਨ ਕੀਤੇ ਜਾ ਰਹੇ ਹਨ ਅਤੇ ਇਨ੍ਹਾਂ ਮੈਗਾ ਪ੍ਰੋਜੈਕਟਸ ਦੇ ਡਿਵੈਲਪਰਜ ਤੋਂ ਮੁੱਲਾਂਪੁਰ ਪਲੈਨਿੰਗ ਏਰੀਏ ਦੇ ਵਿਕਾਸ ਲਈ ਈ. ਡੀ. ਸੀ. ਚਾਰਜ ਵਸੂਲ ਕੀਤੇ ਜਾ ਰਹੇ ਹਨ।

3. ਮੁੱਲਾਂਪੁਰ ਪਲੈਨਿੰਗ ਏਰੀਆ ਵਿੱਚ ਗਮਾਡਾ ਵੱਲੋਂ ਤਕਰੀਬਨ 450 ਏਕੜ ਰਕਬੇ ਵਿੱਚ ਅਰਬਨ ਅਸਟੇਟ ਪਲੈਨ ਕੀਤੀ ਗਈ ਹੈ ਜਿਸ ਲਈ ਭੌਂ ਪ੍ਰਾਪਤ ਕਰਨ ਲਈ ਸਰਕਾਰ ਵੱਲੋਂ ਕਾਰਵਾਈ ਆਰੰਭੀ ਜਾ ਚੁੱਕੀ ਹੈ ਅਤੇ ਇਹ ਅਰਬਨ ਅਸਟੇਟ ਜਲਦੀ ਹੀ ਵਿਕਸਤ ਕਰਨ ਦੀ ਤਜਵੀਜ਼ ਹੈ।

4. ਮੈਗਾ ਡਿਵੈਲਪਰਜ ਤੋਂ ਪ੍ਰਾਪਤ ਕੀਤੇ ਗਏ ਈ. ਡੀ. ਸੀ. ਚਾਰਜਿਜ ਮੁੱਲਾਂਪੁਰ ਪਲੈਨਿੰਗ ਏਰੀਏ ਦੇ ਵਿਕਾਸ ਤੇ ਮੇਜਰ ਇੰਨਫਰਾਸਟਕਰਚਰ ਭਾਵ ਗਰਿਡ ਰੋਡਜ, ਆਉਟ ਫਾਲ ਸੀਵਰ ਅਤੇ

ਸਟਾਰਮ, ਵਾਟਰ ਸਪਲਾਈ, ਬਾਗਬਾਨੀ, ਸਟਰੀਟ ਲਾਈਟ ਅਤੇ ਹੋਰ ਮੇਜਰ ਬੇਸਿਕ ਇੰਨਫਰਾਸਟਕਰਚਰਜ ਫੈਸੀਲੀਟੀਜ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾਣਗੀਆਂ।

5. ਕੁੱਝ ਮੈਗਾ ਡਿਵੈਲਪਰਜ ਜਿਵੇਂ ਕਿ ਮੈ/ਜ ਓਮੈਕਸ ਚੰਡੀਗੜ੍ਹ ਐਕਸਟੈਂਸ਼ਨ ਡਿਵੈਲਪਰਜ ਪ੍ਰਾਈਵੇਟ ਲਿਮਿਟਡ ਜਿਨ੍ਹਾਂ ਦਾ ਪ੍ਰੋਜੈਕਟ ਪੰਜਾਬ ਸਰਕਾਰ ਵੱਲੋਂ ਪ੍ਰਵਾਨ ਕਰ ਦਿੱਤਾ ਗਿਆ ਹੈ, ਵੱਲੋਂ ਗਰਿਡ ਰੋਡਜ ਦੇ ਲੈਵਲ ਮੁਹੱਈਆ ਕਰਵਾਉਣ ਲਈ ਗਮਾਡਾ ਨੂੰ ਬੇਨਤੀ ਕੀਤੀ ਹੈ ਤਾਂ ਜੋ ਲੈਵਲਜ ਅਨੁਸਾਰ ਉਹ ਆਪਣੇ ਮੈਗਾ ਪ੍ਰੋਜੈਕਟ ਦੀਆਂ ਅੰਦਰੂਨੀ ਸੇਵਾਵਾਂ ਪਲੈਨ ਕਰ ਸਕਣ।

6. ਮੈਗਾ ਡਿਵੈਲਪਰਜ ਦੇ ਪ੍ਰਮੋਟਰਜ ਨੂੰ ਲੈਵਲਜ ਮੁਹੱਈਆ ਕਰਵਾਉਣ ਲਈ ਅਤੇ ਗਮਾਡਾ ਵੱਲੋਂ ਬੇਸਿਕ ਇੰਨਫਰਾਸਟਰਕਚਰਜ ਫੈਸੀਲੀਟੀਜ ਦੇਣ ਲਈ ਸੀ. ਟੀ. ਪੀ. ਪੰਜਾਬ ਦੇ ਦਫਤਰ ਵੱਲੋਂ ਜਾਰੀ ਕੀਤੇ ਗਏ ਮੁੱਲਾਂਪੁਰ ਮਾਸਟਰ ਪਲੈਨ ਏਰੀਏ ਵਿੱਚ ਪਲੈਨ ਕੀਤੀਆਂ ਗਈਆਂ ਗਰਿਡ ਰੋਡਜ ਅਤੇ ਇਸਦੇ ਨਾਲ ਲਗਦਾ ਕੁੱਝ ਏਰੀਆ ਅਤੇ ਏਰੀਏ ਵਿੱਚੋਂ ਨਿਕਲਣੀਆਂ ਨੈਚੁਰਲ ਡਰੈਨਜ ਦਾ ਸਰਵੇ ਕਰਵਾਉਣਾ ਪਵੇਗਾ।

7. ਉਪਰੋਕਤ ਸਰਵੇ ਨੂੰ ਕਰਵਾਉਣ ਲਈ ਸਰਵੇ ਆਫ ਇੰਡੀਆ ਵਿਭਾਗ ਨਾਲ ਤਾਲਮੇਲ ਕੀਤਾ ਗਿਆ ਅਤੇ ਉਨ੍ਹਾਂ ਵੱਲੋਂ ਇਸ ਕੰਮ ਲਈ 5,02,400/- ਰੁਪਏ ਦਾ ਐਸਟੀਮੇਟ (ਜਿਹੜਾ ਕਿ ਅਨੁਲੱਗ-ਅ ਤੇ ਰੱਖਿਆ ਹੈ) ਹੇਠ ਲਿਖਿਆਂ ਕੰਡੀਸ਼ਨਾਂ ਤੇ ਦਿੱਤਾ ਹੈ।

These are estimates and actual will be charged.

The above job will be taken up subject to the following conditions:-

i) Approval from Surveyor General of India to take up the job.
ii) Advance payment of cost estimates. (Demand draft in favour of "Estt. & Accounts Officer, Pb., Hr. & Chd. GDC payable at par at Chandigarh.
iii) Authentication of area marked on map supplied herewith by competent authority of your department.
iv) Demarcation of roads will be taken up in 1st phase and pillars at proposed road junctions will be erected by your department after which the leveling work will be taken up.

8. ਸੜਕਾਂ ਦੀ ਡੀਮਾਰਕੇਸਨ ਕਰਨ ਲਈ ਪਿੱਲਰ ਅਤੇ ਲੇਬਰ ਗਮਾਡਾ ਵੱਲੋਂ ਮੁਹੱਈਆ ਕਰਵਾਈ ਜਾਣੀ ਹੈ ਅਤੇ ਇਸ ਕੰਮ ਲਈ ਅੰਦਾਜਨ 2.00 ਲੱਖ ਰੁਪਏ ਦਾ ਖਰਚਾ ਹੋਵੇਗਾ।

ਉਪਰੋਕਤ ਅਨੁਸਾਰ ਮੁਲੱਾਂਪੁਰ ਪਲੈਨਿੰਗ ਏਰੀਏ ਵਿੱਚ ਪੈਂਦੀਆਂ ਗਰਿਡ ਰੋਡਜ਼ ਅਤੇ ਕੁਦਰਤੀ ਨਾਲੇ ਦੇ ਸਰਵੇ ਨੂੰ ਸਰਵੇ ਆਫ ਇੰਡੀਆ ਤੋਂ 5,02,400/- ਰੁਪਏ ਦੀ ਲਾਗਤ ਨਾਲ ਕਰਵਾਉਣ ਲਈ ਜਿਵੇਂ ਕਿ ਪੈਰਾ ਨੰ: 7 ਵਿੱਚ ਦਰਸਾਇਆ ਗਿਆ ਹੈ ਅਤੇ ਸੜਕਾਂ ਦੀ ਡੀਮਾਰਕੇਸਨ ਕਰਨ ਲਈ ਪਿੱਲਰ/ਲੇਬਰ ਦਾ ਬੰਦੋਬਸਤ 2.00 ਲੱਖ ਰੁਪਏ ਦੀ ਲਾਗਤ ਨਾਲ ਗਮਾਡਾ ਵੱਲੋਂ ਆਪਣੇ ਪੱਧਰ ਤੇ ਕਰਨ ਵਾਸਤੇ ਜਿਸਦੀ ਕਿ ਕੁੱਲ ਅੰਦਾਜਨ ਲਾਗਤ 7,02,400/- ਰੁਪਏ ਬਣਦੀ ਹੈ, ਦਾ ਖਰਚਾ ਕਰਨ ਦੀ ਪ੍ਰਵਾਨਗੀ ਦੇਣ ਲਈ ਅਜੰਡਾ ਅਥਾਰਿਟੀ ਦੀ ਕਾਰਜਕਾਰੀ ਕਮੇਟੀ ਦੇ ਸੰਨਮੁੱਖ ਵਿਚਾਰਣ ਲਈ ਪੇਸ ਹੈ ਜੀ। ਇਹ ਖਰਚਾ ਹਾਲ ਦੀ ਘੜੀ ਗਮਾਡਾ ਵੱਲੋਂ ਮੁਹੱਈਆ ਕਰਵਾਇਆ ਜਾਵੇਗਾ ਅਤੇ ਬਾਅਦ ਵਿੱਚ ਮੈਗਾ ਪ੍ਰੋਜੈਕਟਾਂ ਦੇ ਪ੍ਰਮੋਟਰਾਂ ਤੋਂ ਇਕੱਠੇ ਕੀਤੇ ਗਏ ਈ. ਡੀ. ਸੀ. ਚਾਰਜਿਜ ਵਿੱਚੋਂ ਰਿਕਵਰ ਕਰ ਲਿਆ ਜਾਵੇਗਾ।

भारतीय सर्वेक्षण विभाग
SURVEY OF INDIA

फैक्स Fax : 0172-2601671
दूरभाष Telephone कार्यालय
Office:2600031 2602607
Email : gdc soi chd@nic.in
सं. T- 2 115 /40-O-General

पंजाब, हरियाणा एवं चण्डीगढ़
भू-स्थानिक आंकड़ा केन्द्र
PUNJAB, HARYANA & CHANDIGARH
GEO-SPATIAL DATA CENTRE
सर्वे कॉम्प्लेक्स, दक्षिण मार्ग, सैक्टर 32-ए,
चण्डीगढ़-160 030.
Survey Complex, Dakshin Marg,
Sector 32-A
CHANDIGARH-160 030.

दिनांक Date 10 June, 2010

To

The Divisional Engineer (C-II)
G.M.A.D.A.
S.A.S. Nagar (Mohali)

**SUB:- SURVEY OF MULLANPUR URBAN ESTATE AND MULLANPUR PLANNING AREA**

Ref:- Your No. GMADA/DE(C-II)/2010/2187 dated 24-05-10

With reference to your above referred letter is intimated that the cost estimates for subject job are as under:-

| | | | |
|---|---|---|---|
| (i) | Demarcation of roads | - | Rs. 2,08,728.00 |
| (ii) | Levelling work | - | Rs. 2,71,346.40 |
| (iii) | Office wrok | - | Rs. 22,276.80 |
| | **Total** | - | **Rs. 5,02,351.20** |
| | **Say** | - | **Rs. 5,02,400.00** |

These are estimates and actual will be charged.

The above job will be taken up subject to the following conditions:-

(i) Approval from Surveyor General of India to take up the job.
(ii) Advance payment of cost estimates. (Demand draft in favour of "Estt. & Accounts officer, Pb., Hr. & Chd. GDC payable at par at Chandigarh.
(iii) Authentication of area marked on map supplied herewith by competent authorit of your department.
(iv) Demarcation of roads will be taken up in 1st phase and pillars at proposed junctions will be erected by your department after which the levelling work be taken up.

Questionnaire enclosed herewith may be filled, signed and returned to this office, please,

Encl: As above

10/06/10

**(PANKAJ MISHRA)**
Superintending Surveyor
Director, Punjab, Haryana & Chandigarh
Geo-Spatial Data Centre, Chandigarh
(Current Duty Charge)

Copy to:-

(i) The Surveyor General of India, Dehra Dun - for information please.

(ii) The Addl. S.G., Northern Zone, Chandigarh - for information, with a request to obtain approval of Surveyor General of India to execute above job, please.

# ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅੱਥਾਰਿਟੀ

ਅਜੰਡਾ ਆਈਟਮ ਨੰ: 10.08

(ਕਾਰਜਕਾਰੀ ਕਮੇਟੀ ਦੀ ਮੀਟਿੰਗ)

ਵਿਸ਼ਾ: ਮੇਜਰ ਰੋਡ ਪ੍ਰੋਜੈਕਟਾਂ ਵਿੱਚੋਂ 2 ਪ੍ਰੋਜੈਕਟਾਂ ਦੀ ਉਸਾਰੀ ਦੇ ਕੰਮਾਂ ਲਈ ਐਮ. ਓ. ਆਰ. ਟੀ. ਐਚ./ਡਾਟਾ ਬੁੱਕ ਦੇ ਆਧਾਰ ਤੇ ਮਸੀਨਰੀ ਦੇ ਰੇਟ ਅਡਾਪਟ ਕਰਨ ਸਬੰਧੀ।

1 ਗਮਾਡਾ ਵਿੱਚ ਇਸ ਵੇਲੇ ਕੁੱਝ ਮੇਜਰ ਰੋਡ ਪ੍ਰੋਜੈਕਟਸ ਜਿਵੇਂ ਕਿ 200 ਫੁੱਟ ਚੋੜੀ 4+4 ਲੇਨ ਡਿਊਲ ਕੇਜਿਵੇਅ ਮੁੱਲਾਂਪੁਰ ਰੋਡ ਸਮੇਤ ਪੁੱਲ, ਏਅਰਪੋਰਟ ਰੋਡ, ਐਨ. ਐਚ.-64 ਪਿੰਡ ਛੱਤ ਤੋਂ ਲੈਕੇ ਜੰਕਸਨ ਸੈਕਟਰ 66/66ਏ ਤੱਕ 200 ਫੁੱਟ ਚੋੜੀ 4+4 ਲੇਨ ਡਿਊਲ ਕੈਰਿਜਵੇਅ ਆਦਿ ਕੰਮ ਸੁਰੂ ਕੀਤੇ ਜਾ ਰਹੇ ਹਨ। ਇਨ੍ਹਾਂ ਵਿੱਚੋਂ ਸੈਕਟਰ 66/66ਏ ਤੋਂ ਐਨ ਐਚ-64 ਨੂੰ ਪਿੰਡ ਛੱਤ ਕੋਲ ਮਿਲਦੀ ਸੜਕ ਦਾ ਕੰਮ ਅਲਾਟ ਕੀਤਾ ਜਾ ਚੁੱਕਾ ਹੈ ਅਤੇ ਮੁੱਲਾਂਪੁਰ ਸੜਕ ਦੀ ਉਸਾਰੀ ਦਾ ਕੰਮ ਜਲਦੀ ਹੀ ਅਲਾਟ ਕੀਤਾ ਜਾਣਾ ਹੈ।

2 ਗਮਾਡਾ ਵਿੱਚ ਆਮ ਕੰਮਾਂ ਲਈ ਸੀ. ਐਸ. ਆਰ. ਰੇਟਾਂ ਦੇ ਆਧਾਰ ਤੇ ਕੰਮ ਕਰਵਾਏ ਜਾਂਦੇ ਹਨ। ਪਰੰਤੂ ਗਮਾਡਾ ਦੇ ਇਹ ਉਪਰੋਕਤ ਪ੍ਰੋਜੈਕਟ ਆਮ ਕੰਮਾਂ ਨਾਲੋਂ ਹੱਟ ਕੇ ਹਨ ਅਤੇ ਮਿਤੀਬੱਧ ਸਮੇਂ ਵਿੱਚ ਮੁਕੰਮਲ ਕੀਤੇ ਜਾਣੇ ਹਨ ਅਤੇ ਇਨ੍ਹਾਂ ਤੇ ਆਧੁਨਿਕ ਮਸੀਨਰੀ ਦੀ ਵਰਤੋਂ ਕੀਤੀ ਜਾਣੀ ਜਰੂਰੀ ਹੈ। ਇਸ ਲਈ ਇਨ੍ਹਾਂ ਪ੍ਰੋਜੈਕਟਾਂ ਦੀ ਮਹੱਤਤਾ ਅਤੇ ਮਿਤੀਬੱਧਤਾ ਦੇ ਮੱਦੇਨਜਰ ਇਨ੍ਹਾਂ ਪ੍ਰੋਜੈਕਟਾਂ ਨਾਲ ਸਬੰਧਤ ਉਕਤ ਕੇਸਾਂ ਵਿੱਚ ਮਸੀਨਰੀ ਦੇ ਰੇਟ ਐਮ. ਓ. ਆਰ. ਟੀ. ਐਂਡ ਐਚ. ਸਪੈਸੀਫਿਕੇਸਨਾਂ ਦੇ ਮੱਦੇਨਜਰ ਡਾਟਾਬੁੱਕ ਦੇ ਆਧਾਰ ਤੇ ਤਿਆਰ ਕੀਤੇ ਗਏ ਹਨ ਅਤੇ ਲੇਬਰ ਅਤੇ ਮਟੀਰੀਅਲ ਦੇ ਰੇਟ ਸੀ. ਐਸ. ਆਰ. ਦੇ ਆਧਾਰ ਤੇ ਹੀ ਲਏ ਗਏ ਹਨ ਜਿਸ ਨੂੰ ਮੁੱਖ ਮੰਤਰੀ ਪੰਜਾਬ ਜੀ ਦੇ ਤਕਨੀਕੀ ਸਲਾਹਕਾਰ ਵੱਲੋਂ ਤਖਮੀਨਾ ਚੈਕ ਕਰਦਿਆਂ ਪ੍ਰਵਾਨਗੀ ਵੀ ਦਿੱਤੀ ਗਈ ਸੀ। ਇਸ ਬਾਰੇ ਸਿੱਧਾਂਤਿਕ ਪ੍ਰਵਾਨਗੀ ਮੁੱਖ ਪ੍ਰਸਾਸਕ ਗਮਾਡਾ ਜੀ ਤੋਂ ਮਿਤੀ 18-5-2010 ਨੂੰ ਲੈ ਲਈ ਗਈ ਸੀ ਅਤੇ ਇਹ ਫੈਸਲਾ ਕੀਤਾ ਗਿਆ ਕਿ ਇਸ ਬਾਰੇ ਕਾਰਜ ਬਾਅਦ ਪ੍ਰਵਾਨਗੀ ਅਥਾਰਿਟੀ ਦੀ ਕਾਰਜਕਾਰੀ ਕਮੇਟੀ ਤੋਂ ਲੈ ਲਈ ਜਾਵੇਗੀ।

3 ਮੁੱਖ ਮੰਤਰੀ ਪੰਜਾਬ ਜੀ ਦੇ ਤਕਨੀਕੀ ਸਲਾਹਕਾਰ ਜੀ ਵੱਲੋਂ ਉਨ੍ਹਾਂ ਦੇ ਪੱਤਰ ਨੰ: ਏ.ਟੀ.ਪੀ.ਬੀ./54/ਜੀ.ਐਲ.ਐਸ./ਮਿਤੀ 10 ਮਈ 2010 ਰਾਹੀਂ ਜਿਹੜਾ ਕਿ ਗਮਾਡਾ ਵਿੱਚ ਮਿਤੀ 29-5-2010 ਨੂੰ ਪ੍ਰਾਪਤ ਹੋਇਆ, ਵਿੱਚ ਇਹ ਸਲਾਹ ਦਿੱਤੀ ਗਈ ਹੈ ਕਿ ਐਮ. ਓ. ਆਰ. ਟੀ. ਐਂਡ ਐਚ. ਡਾਟਾ ਬੁੱਕ ਵਿੱਚ ਦਰਸਾਏ ਗਏ ਰੇਟ ਕੇਵਲ ਤੇ ਕੇਵਲ ਕੌਮੀ ਮਾਰਗਾਂ (ਨੈਸ਼ਨਲ ਹਾਈਵੇਜ) ਦੇ ਅਨੁਮਾਨ ਤਿਆਰ ਕਰਨ ਵਿੱਚ ਹੀ ਅਪਣਾਏ ਜਾਣ। ਬਾਕੀ ਸੜਕਾਂ ਦੇ ਅਨੁਮਾਨ ਸੀ. ਐਸ. ਆਰ. ਤੇ ਆਧਾਰਤ ਹੋਣੇ ਚਾਹੀਦੇ ਹਨ।

4 ਕਿਉਂ ਜੋ ਉਪਰੋਕਤ ਦਰਸਾਏ ਦੋ ਮੇਜਰ ਰੋਡ ਪ੍ਰੋਜੈਕਟਸ ਆਮ ਕੰਮਾਂ ਨਾਲੋਂ ਹੱਟਕੇ ਹਨ ਅਤੇ 4+4 ਲੇਨ ਡਿਊਲ ਕੈਰਿਜਵੇਅ ਨਾਲ ਉਸਾਰੇ ਜਾਣੇ ਹਨ ਅਤੇ ਇਨ੍ਹਾਂ ਪ੍ਰੋਜੈਕਟਾਂ ਵਿੱਚੋਂ ਇੱਕ ਕੰਮ ਪਹਿਲਾਂ ਹੀ ਅਲਾਟ ਕੀਤਾ ਜਾ ਚੁੱਕਾ ਹੈ ਅਤੇ ਦੂਜੇ ਕੰਮ ਦੇ ਅਨੁਮਾਨ ਫਾਈਨਲ ਕੀਤੇ ਜਾ ਚੁੱਕੇ ਹਨ ਅਤੇ ਇਸ ਬਾਰੇ ਸਿੱਧਾਂਤਿਕ ਪ੍ਰਵਾਨਗੀ ਵੀ ਮੁੱਖ ਪ੍ਰਸਾਸਕ ਗਮਾਡਾ ਜੀ ਵੱਲੋਂ ਦਿੱਤੀ ਜਾ ਚੁੱਕੀ ਹੈ। ਇਸ ਲਈ ਇਹ ਤਜਵੀਜ ਕੀਤਾ ਜਾਂਦਾ ਹੈ ਕਿ ਇਨ੍ਹਾਂ ਦੋਹਾਂ ਕੰਮਾਂ ਲਈ ਤਖਮੀਨਿਆਂ ਵਿੱਚ ਮਸੀਨਰੀ ਦੀ ਵਿਵਸਥਾ ਐਮ. ਓ. ਆਰ. ਟੀ. ਐਂਡ ਐਚ./ਡਾਟਾ ਬੁੱਕ ਦੇ ਆਧਾਰ ਤੇ ਅਤੇ ਲੇਬਰ/ਮਟੀਰੀਅਲ ਸੀ. ਐਸ. ਆਰ. ਰੇਟਾਂ ਦੇ ਆਧਾਰ ਤੇ ਕੀਤੀ ਗਈ ਹੈ, ਦੀ ਕਾਰਜ ਬਾਅਦ ਪ੍ਰਵਾਨਗੀ ਦੇ ਦਿੱਤੀ ਜਾਵੇ ਜੀ। ਇਨ੍ਹਾਂ ਦੋਹਾਂ ਕੰਮਾਂ ਤੋਂ ਇਲਾਵਾ ਗਮਾਡਾ ਵਿੱਚ ਹੋਰ ਕਰਵਾਏ ਜਾਣੇ ਕੰਮਾਂ ਲਈ ਤਕਨੀਕੀ ਸਲਾਹਕਾਰ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਸਲਾਹ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਉਕਤ ਅਜੰਡਾ ਅਥਾਰਿਟੀ ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਕਾਰਜ ਬਾਅਦ ਪ੍ਰਵਾਨਗੀ ਹਿੱਤ ਪੇਸ ਹੈ ਜੀ।

# ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ

ਅਜੰਡਾ ਆਈਟਮ ਨੰ: 10.09
(ਕਾਰਜਕਾਰੀ ਕਮੇਟੀ ਦੀ ਮੀਟਿੰਗ)

ਵਿਸਾ: **ਐਸ.ਏ.ਐਸ.ਨਗਰ ਵਿਖੇ ਸੈਕਟਰ 56 ਏ ਤੋ. ਪਿੰਡ ਝੂੰਗੀਆਂ ਤੱਕ ਐਨ.ਐਚ 21 ਉਪਰੰਤ ਪਿੰਡ ਝੂੰਗੀਆਂ ਐਨ.ਐਚ 95 ਤੱਕ ਖਰੜ ਬਾਈਪਾਸ ਦੀ ਉਸਾਰੀ ਬਾਰੇ ।**

1. ਮੈਸ: ਜੁਰੌਂਗ ਸਿੰਘਾਪੁਰ ਬੇਸਡ ਏਜੰਸੀ ਜੋਕਿ ਮੋਹਾਲੀ ਦੇ ਮਾਸਟਰ ਪਲੈਨ ਲਈ ਬਤੌਰ ਕੰਨਸਲਟੈਂਟ ਨਿਯੁਕਤ ਕੀਤੀ ਹੋਈ ਹੈ, ਵੱਲੋ ਮੋਹਾਲੀ ਦਾ ਮਾਸਟਰ ਪਲੈਨ ਤਿਆਰ ਕੀਤਾ ਗਿਆ ਹੈ ਜਿਹੜਾ ਕਿ ਪੰਜਾਬ ਰਿਜਨਲ ਪਲੈਨਿੰਗ ਅਤੇ ਡਿਵੈਲਪਮੈਂਟ ਬੋਰਡ ਦੀ 13ਵੀਂ ਮੀਟਿੰਗ ਜਿਹੜੀ ਕਿ ਮਿਤੀ 19.11.2008 ਨੂੰ ਹੋਈ, ਵਿੱਚ ਪ੍ਰਵਾਨ ਕਰ ਦਿੱਤਾ ਗਿਆ ਅਤੇ ਇਸ ਸਬੰਧੀ ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ ਸਰਕਾਰ ਵੱਲੋਂ ਮਿਤੀ 12/16 ਦਸੰਬਰ, 2008 ਨੂੰ ਨੋਟੀਫੀਕੇਸਨ ਜਾਰੀ ਕਰ ਦਿੱਤੀ ਗਈ ਹੈ ।

2. ਗਮਾਡਾ ਨੂੰ ਪੰਜਾਬ ਸਰਕਾਰ ਦੇ ਬੀਹਾਫ ਤੇ ਬਤੌਰ ਨੋਡਲ ਏਜੰਸੀ ਇਸ ਮਾਸਟਰ ਪਲੈਨ ਨੂੰ ਇੰਮਪਲੀਮੈਂਟ ਕਰਨ ਲਈ ਨਿਯੁਕਤ ਕੀਤਾ ਗਿਆ ਹੈ ਅਤੇ ਪੰਜਾਬ ਸਰਕਾਰ ਵੱਲੋਂ ਗਰੇਟਰ ਮੋਹਾਲੀ ਦੇ ਪਲੈਨਿੰਗ ਏਰੀਏ ਵਿੱਚ ਪ੍ਰਵਾਨਿਤ ਮਾਸਟਰ ਪਲੈਨ ਅਨੁਸਾਰ ਮੈਗਾ ਪ੍ਰੋਜੈਕਟਸ ਵੀ ਪ੍ਰਵਾਨ ਕੀਤੇ ਜਾ ਰਹੇ ਹਨ ਅਤੇ ਇੰਨ੍ਹਾਂ ਮੈਗਾ ਪ੍ਰੋਜੈਕਟਸ ਦੇ ਡਿਵੈਲਪਰਜ ਤੋਂ ਮੋਹਾਲੀ ਪਲੈਨਿੰਗ ਏਰੀਏ ਦੇ ਵਿਕਾਸ ਲਈ ਈ.ਡੀ.ਸੀ. ਚਾਰਜ ਵਸੂਲ ਕੀਤੇ ਜਾ ਰਹੇ ਹਨ ।

3. ਪੰਜਾਬ ਸਰਕਾਰ ਵੱਲੋ ਡੋਮੈਸਟਿਕ ਏਅਰ ਪੋਰਟ ਦਾ ਵਿਸਥਾਰ ਕਰਦੇ ਹੋਏ ਏਅਰਪੋਰਟ ਅਥਾਰਿਟੀ ਆਫ ਇੰਡੀਆ ਨਾਲ ਹੋਏ ਸਮਝੋਤੇ ਅਨੁਸਾਰ ਇੰਟਰਨੈਸਨਲ ਏਅਰਪੋਰਟ ਦੀ ਸਥਾਪਨਾ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਮੰਤਵ ਲਈ ਪਹਿਲਾਂ ਹੀ ਪਿੰਡ ਝਿਊਰਹੇੜੀ ਦੀ 306 ਏਕੜ ਭੌਂ ਪ੍ਰਾਪਤ ਕਰ ਲਈ ਗਈ ਹੈ। ਇਸ ਸਮੇਂ ਮੋਜੂਦਾ ਏਅਰਪੋਰਟ ਨੂੰ ਸਿਰਫ ਇਕੋ ਹੀ ਪਹੁੰਚ ਸੜਕ ਜੋ ਕਿ ਚੰਡੀਗੜ੍ਹ ਵਿਚੋਂ ਲੰਘਦੀ ਹੈ, ਪ੍ਰੋਵਾਈਡ ਕੀਤੀ ਹੋਈ ਹੈ । ਇਹ ਇੰਟਰਨੈਸਨਲ ਏਅਰਪੋਰਟ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਵਸਨੀਕਾਂ ਵਾਸਤੇ ਲਾਹੇਬੰਦ ਹੋਵੇਗਾ ਅਤੇ ਇੰਨ੍ਹਾਂ ਤਿੰਨ੍ਹਾਂ ਸਟੇਟਾਂ ਦੇ ਵਿਅਕਤੀ ਇਸ ਦਾ ਲਾਭ ਉਠਾਉਣਗੇ। ਇਸ ਮੰਤਵ ਲਈ ਇਸ ਇੰਟਰਨੈਸਨਲ ਏਅਰਪੋਰਟ ਨੂੰ ਇਕ ਹੋਰ ਪਹੁੰਚ ਸੜਕ ਦੇਣ ਦੀ ਜਰੂਰਤ ਹੈ ।


4. ਐਨ. ਐਚ. 21 ਜੋ ਕਿ ਚੰਡੀਗੜ੍ਹ ਤੋਂ ਖਰੜ ਹੁੰਦੇ ਹੋਏ ਰੋਪੜ ਨੂੰ ਜਾਂਦਾ ਹੈ ਅਤੇ ਖਰੜ ਤੋ ਲੁਧਿਆਣਾ ਵੱਲ ਜਾਂਦੇ ਐਨ.ਐਚ 95 ਉਪੱਰ ਚੰਡੀਗੜ੍ਹ ਅਤੇ ਹਰਿਆਣਾ ਵੱਲ ਆਉਂਦੇ ਟਰੈਫਿਕ ਦਾ ਸੁਮੇਲ ਹੁੰਦਾ ਹੈ, ਜਿਸ ਕਾਰਨ ਇਸ ਸੜਕ ਉਤੇ ਚੰਡੀਗੜ੍ਹ ਤੋਂ ਲੈਕੇ ਖਰੜ ਤੱਕ ਟਰੈਫਿਕ ਵੱਧ ਹੋਣ ਕਰਕੇ ਕਾਫੀ ਐਕਸੀਡੈਂਟ ਹੁੰਦੇ ਰਹਿੰਦੇ ਹਨ ਅਤੇ ਜਾਮ ਵੀ ਲੱਗਾ ਰਹਿੰਦਾ ਹੈ । ਹਾਲਾਂ ਕਿ ਇਸ ਸਟ੍ਰੈਚ ਦਾ (ਮੋਹਾਲੀ ਤੋਂ ਖਰੜ) ਤੱਕ ਦਾ ਕੁੱਝ ਹਿੱਸਾ ਫੋਰਲੇਨ ਵੀ ਹੋ ਚੁੱਕਾ ਹੈ ਫਿਰ ਵੀ ਟਰੈਫਿਕ ਦੀ ਵੱਧ ਰਹੀ ਸਮੱਸਿਆ ਨੂੰ ਦੇਖਦੇ ਹੋਏ ਕੋਈ ਆਲਟਰਨੇਟ ਰੂਟ ਦੇਣਾ ਜਰੂਰੀ ਜਾਪਦਾ ਹੈ ।

5. ਮੋਹਾਲੀ ਦੇ ਪ੍ਰਵਾਨਿਤ ਮਾਸਟਰ ਪਲੈਨ ਅਨੁਸਾਰ ਇਕ ਸੜਕ ਸੈਕਟਰ 56 ਏ ਤੋਂ ਦਾਰਾ ਸਟੂਡੀਓ . ਸੈਕਟਰ 121,122,120,123 ਅਤੇ 124,125 ਦਰਮਿਆਨ ਹੁੰਦੀ ਹੋਈ ਪਿੰਡ ਭੂੰਗੀਆਂ ਲੋਕਲ ਪਲੈਨਿੰਗ ਏਰੀਆ, ਐਸ.ਏ.ਐਸ.ਨਗਰ ਵਿੱਚ

ਪੈਂਦੀ ਹੈ ਅਤੇ ਇਸ ਉਪਰੰਤ ਇਹ ਸੜਕ ਖਰੜ ਮਾਸਟਰ ਪਲੈਨ ਵਿੱਚ ਪੈਂਦੀ ਹੈ, ਜੋ ਕਿ ਐਨ.ਐਚ 21 ਨੂੰ ਪਿੰਡ ਖਾਨਪੁਰ ਕੋਲ ਜੈਅੰਤੀ ਕੀ ਰਾਓ ਦੇ ਪੁੱਲ ਤੋਂ ਬਾਹਰ ਜਾਕੇ ਮਿਲਦੀ ਹੈ । ਇਸ ਸੜਕ ਦੀ ਮਾਸਟਰ ਪਲੈਨ ਅਨੁਸਾਰ ਚੌੜਾਈ 200 ਫੁੱਟ ਹੈ ਅਤੇ ਇਸ ਦੀ ਕੁੱਲ ਲੰਬਾਈ ਲੱਗ ਭੱਗ 8 ਕਿਲੋਮੀਟਰ ਬਣਦੀ ਹੈ। ਜਿਸ ਲਈ ਕੁੱਲ 120 ਏਕੜ ਦੇ ਕਰੀਬ ਰਕਬਾ ਭੌਂ ਪ੍ਰਾਪਤ ਕਰਨ ਵਾਸਤੇ ਲੋੜੀਂਦਾ ਹੈ । ਇਸ ਸੜਕ ਵਾਸਤੇ ਭੌਂ ਪ੍ਰਾਪਤੀ ਲਈ ਲੱਗ ਭੱਗ 180 ਕਰੋੜ ਰੁਪਏ ਲਗਣਗੇ ਅਤੇ ਉਸਾਰੀ ਵਾਸਤੇ ਲੱਗ ਭੱਗ 100 ਕਰੋੜ ਰੁਪਏ ਲਗੇਗਾ।

6 ਇਸ ਸੜਕ ਦੀ ਭੋਂ ਪ੍ਰਾਪਤੀ ਲਈ ਅਤੇ ਉਸਾਰੀ ਲਈ ਜਿਵੇਂ ਜਿਵੇਂ ਗਮਾਡਾ ਕੋਲ ਫੰਡ ਉਪਲੱਬਧ ਹੋਣਗੇ ਉਸ ਅਨੁਸਾਰ ਇਸ ਰਕਮ ਨੂੰ ਗਮਾਡਾ ਦੇ ਆਪਣੇ ਫੰਡ ਵਿਚੋਂ ਖਰਚ ਕੀਤਾ ਜਾਵੇਗਾ ਅਤੇ ਜਿਸ ਦੀ ਰਿਕਵਰੀ ਬਾਅਦ ਵਿੱਚ ਸਮੇਂ ਸਮੇਂ ਤੇ ਇਸ ਏਰੀਏ ਵਿੱਚ ਆਉਣ ਵਾਲੇ ਮੈਗਾ ਅਤੇ ਹਾਊਸਿੰਗ ਪ੍ਰੋਜੈਕਟਸ ਤੋਂ ਪ੍ਰਾਪਤ ਕੀਤੀ ਜਾਣ ਵਾਲੀ ਈ.ਡੀ.ਸੀ. ਵਿਚੋਂ ਕੀਤੀ ਜਾਵੇਗੀ ।

ਉਕਤ ਅਜੰਡਾ ਅਥਾਰਟੀ ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।


MULLANPUR
CHANDIGARH
ZIRAKPUR
Proposed Kharar Bye-Pass
KHARAR
BANUR
DEPARTMENT OF
TOWN & COUNTRY PLANNING, PUNJAB
MASTER PLAN
DEVELOPMENT FOR
GREATER MOHALI REGION
GREATER MOHALI AREA
DEVELOPMENT AUTHORITY (GMADA)
SAS NAGAR PLANNING AREA

# ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅੱਥਾਰਿਟੀ

ਅਜੰਡਾ ਆਈਟਮ ਨੰ: 10.10
(ਕਾਰਜਕਾਰੀ ਕਮੇਟੀ ਦੀ ਮੀਟਿੰਗ)

ਵਿਸ਼ਾ: ਐਸ. ਏ. ਐਸ. ਨਗਰ ਵਿਖੇ ਜੰਕਸਨ ਸੈਕਟਰ 73/74, ਸੈਕਟਰ 118/119 ਤੋਂ ਲੋਕਲ ਪਲੈਨਿੰਗ ਏਰੀਆ ਬਾਊਂਡਰੀ ਦੇ ਅੰਤ ਤੱਕ ਪਿੰਡ ਮਾਨਣਾ ਸੈਕਟਰ 122/123 ਤੱਕ 200/150 ਫੁੱਟ ਚੌੜੀ ਸੜਕ ਦੀ ਉਸਾਰੀ ਬਾਰੇ।

1. ਮੈ/ਸ ਜੁਰੋਂਗ ਸਿੰਗਾਪੁਰ ਬੇਸਡ ਏਜੰਸੀ ਜੋ ਕਿ ਮੋਹਾਲੀ ਦੇ ਮਾਸਟਰ ਪਲੈਨ ਲਈ ਬਤੌਰ ਕੰਨਸਲਟੈਂਟ ਨਿਯੁਕਤ ਕੀਤੀ ਹੋਈ ਹੈ, ਵੱਲੋਂ ਮੋਹਾਲੀ ਦਾ ਮਾਸਟਰ ਪਲੈਨ ਤਿਆਰ ਕੀਤਾ ਗਿਆ ਹੈ ਜਿਹੜਾ ਕਿ ਪੰਜਾਬ ਰੀਜਨਲ ਪਲੈਨਿੰਗ ਅਤੇ ਡਿਵੈਪਲਮੈਂਟ ਬੋਰਡ ਦੀ 13ਵੀਂ ਮੀਟਿੰਗ ਜਿਹੜੀ ਕਿ ਮਿਤੀ 19-11-2008 ਨੂੰ ਹੋਈ, ਵਿੱਚ ਪ੍ਰਵਾਨ ਕਰ ਦਿੱਤਾ ਗਿਆ ਅਤੇ ਇਸ ਬਾਰੇ ਨਗਰ ਯੋਜਨਾਕਾਰ ਵਿਭਾਗ ਪੰਜਾਬ ਸਰਕਾਰ ਵੱਲੋਂ ਮਿਤੀ 12/16 ਦਸੰਬਰ 2008 ਨੂੰ ਨੋਟੀਫਿਕੇਸਨ ਜਾਰੀ ਕਰ ਦਿੱਤੀ ਗਈ ਹੈ।

2. ਗਮਾਡਾ ਨੂੰ ਪੰਜਾਬ ਸਰਕਾਰ ਦੇ ਬੀਹਾਫ ਤੇ ਬਤੌਰ ਨੋਡਲ ਏਜੰਸੀ ਇਸ ਮਾਸਟਰ ਪਲੈਨ ਨੂੰ ਇੰਮਪਲੀਮੈਂਟ ਕਰਨ ਲਈ ਨਿਯੁਕਤ ਕੀਤਾ ਗਿਆ ਹੈ ਅਤੇ ਪੰਜਾਬ ਸਰਕਾਰ ਵੱਲੋਂ ਗਰੇਟਰ ਮੋਹਾਲੀ ਦੇ ਪਲੈਨਿੰਗ ਏਰੀਏ ਵਿੱਚ ਪ੍ਰਵਾਨਤ ਮਾਸਟਰ ਪਲੈਨ ਅਨੁਸਾਰ ਮੈਗਾ ਪ੍ਰੋਜੈਕਟਸ ਵੀ ਪ੍ਰਵਾਨ ਕੀਤੇ ਜਾ ਰਹੇ ਹਨ ਅਤੇ ਇਨ੍ਹਾਂ ਮੈਗਾ ਪ੍ਰੋਜੈਕਟਸ ਦੇ ਡਿਵੈਲਪਰਜ ਤੋਂ ਮੋਹਾਲੀ ਪਲੈਨਿੰਗ ਏਰੀਏ ਦੇ ਵਿਕਾਸ ਲਈ ਈ. ਡੀ. ਸੀ. ਚਾਰਜ ਵਸੂਲ ਕੀਤੇ ਜਾ ਰਹੇ ਹਨ।

3. ਪੰਜਾਬ ਸਰਕਾਰ ਵੱਲੋਂ ਚੰਡੀਗੜ੍ਹ ਡੁਮੈਸਟਿਕ ਏਅਰਪੋਰਟ ਦਾ ਵਿਸਥਾਰ ਕਰਦੇ ਹੋਏ ਏਅਰਪੋਰਟ ਅਥਾਰਿਟੀ ਆਫ ਇੰਡੀਆ ਨਾਲ ਹੋਏ ਸਮਝੌਤੇ ਅਨੁਸਾਰ ਇੰਟਰਨੈਸਨਲ ਏਅਰਪੋਰਟ ਦੀ ਸਥਾਪਨਾ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਮੰਤਵ ਲਈ ਪਹਿਲਾਂ ਹੀ ਪਿੰਡ ਝਿਊਰਹੇੜੀ ਦੀ 306 ਏਕੜ ਭੋਂ ਪ੍ਰਾਪਤ ਕਰ ਲਈ ਗਈ ਹੈ। ਇਸ ਸਮੇਂ ਮੌਜੂਦਾ ਏਅਰਪੋਰਟ ਨੂੰ ਸਿਰਫ ਇੱਕੋ ਹੀ ਪਹੁੰਚ ਸੜਕ ਜੋ ਕਿ ਚੰਡੀਗੜ੍ਹ ਵਿੱਚੋਂ ਲੰਘਦੀ ਹੈ, ਪਰੋਵਾਈਡ ਕੀਤੀ ਹੋਈ ਹੈ। ਇਹ

ਇੰਟਰਨੈਸਨਲ ਏਅਰਪੋਰਟ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਵਸਨੀਕਾਂ ਵਾਸਤੇ ਲਾਹੇਬੰਦ ਹੋਵੇਗਾ ਅਤੇ ਇਨ੍ਹਾਂ ਤਿੰਨਾਂ ਸਟੇਟਾਂ ਦੇ ਵਿਅਕਤੀ ਇਸ ਦਾ ਲਾਭ ਉਠਾਉਣਗੇ। ਇਸ ਮੰਤਰ ਲਈ ਇਸ ਇੰਟਰਨੈਸਨਲ ਏਅਰਪੋਰਟ ਨੂੰ ਇੱਕ ਹੋਰ ਪਹੁੰਚ ਸੜਕ ਦੇਣ ਦੀ ਜਰੂਰਤ ਹੈ।

4. ਇੰਟਰਨੈਸਨਲ ਏਅਰਪੋਰਟ ਨੂੰ ਇੱਕ ਹੋਰ ਪਹੁੰਚ ਸੜਕ ਦੇਣ ਲਈ ਅਤੇ ਮੋਹਾਲੀ ਵਿੱਚ ਵੱਧ ਰਹੇ ਟਰੈਫਿਕ ਦੀ ਡੈਨਸੀਟੀ ਨੂੰ ਵੇਖਦੇ ਹੋਏ ਨੈਸਨਲ ਹਾਈਵੇ-64 ਪਿੰਡ ਛੱਤ ਤੋਂ ਸੈਕਟਰ 73/74 ਤੱਕ 200 ਫੁੱਟ ਚੋੜੀ ਸੜਕ ਦੀ ਉਸਾਰੀ ਗਮਾਡਾ ਵੱਲੋਂ ਕੀਤੀ ਜਾ ਰਹੀ ਹੈ ਜਿਹੜੀ ਕਿ ਅਲਟੀਮੇਟਲੀ ਮੋਹਾਲੀ-ਖਰੜ ਹਾਈਵੇ ਐਨ ਐਚ-21 ਨਾਲ ਜੋੜ ਦਿੱਤੀ ਜਾਵੇਗੀ।

5. ਅਥਾਰਿਟੀ ਦੀ ਚੌਥੀ ਮੀਟਿੰਗ ਦੌਰਾਨ ਮੱਦ ਨੰ: 4.05 ਰਾਹੀਂ ਸੈਕਟਰ 73/74 ਦੇ ਜੰਕਸਨ ਤੋਂ ਖਰੜ ਨੈਸਨਲ ਹਾਈਵੇ 21 ਤੱਕ 200 ਫੁੱਟ ਚੋੜੀ ਸੜਕ ਦੀ ਉਸਾਰੀ ਅਤੇ 200 ਮੀਟਰ ਮਿਕਸ ਲੈਂਡ ਯੂਜ ਭੋਂ ਪ੍ਰਾਪਤ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਸੜਕ ਦੀ ਉਸਾਰੀ ਲਈ ਭੋਂ ਦੀ ਪ੍ਰਾਪਤੀ ਸਬੰਧੀ ਧਾਰਾ-4 ਅਧੀਨ ਨੋਟੀਫਿਕੇਸਟ ਪੰਜਾਬ ਸਰਕਾਰ ਦੇ ਗਜਟ ਵਿੱਚ ਪ੍ਰਕਾਸਿਤ ਹੋ ਚੁੱਕੀ ਹੈ। ਪਰੰਤੂ ਕੁੱਝ ਵਸਨੀਕਾਂ ਵੱਲੋਂ ਜਿਹੜੇ ਕਿ ਇਸ ਭੋਂ ਪ੍ਰਾਪਤੀ ਨੋਟੀਫਿਕੇਸਨ ਨਾਲ ਪ੍ਰਭਾਵਿਤ ਹੁੰਦੇ ਹਨ, ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸਟੇਅ ਪ੍ਰਾਪਤ ਕੀਤਾ ਹੋਇਆ ਹੈ ਜਿਸ ਕਾਰਨ ਇਸ ਸੜਕ ਦੀ ਉਸਾਰੀ ਲਈ ਭੋਂ ਪ੍ਰਾਪਤ ਕਰਨ ਵਿੱਚ ਵਿਘਨ ਪੈ ਰਹੀ ਹੈ ਅਤੇ ਉਸਾਰੀ ਜਾ ਰਹੀ ਸੜਕ ਨੂੰ ਐਨ. ਐਚ.-21 ਨਾਲ ਜੋੜਨ ਵਿੱਚ ਵੀ ਮੁਸਕਿਲ ਪੇਸ ਆ ਰਹੀ ਹੈ।

6. ਮੋਹਾਲੀ ਦੇ ਪ੍ਰਵਾਨਿਤ ਮਾਸਟਰ ਪਲੈਨ ਮੁਤਾਬਿਕ ਸੈਕਟਰ 118/119 ਤੋਂ ਨੈਸਨਲ ਹਾਈਵੇ-21 ਨੂੰ ਟੱਚ ਕਰਦੀ ਇੱਕ ਹੋਰ ਗਰਿਡ ਰੋਡ ਪਲੈਨ ਕੀਤੀ ਹੋਈ ਹੈ ਜਿਹੜੀ ਕਿ ਐਸ. ਏ. ਐਸ. ਨਗਰ ਦੇ ਲੋਕਲ ਪਲੈਨਿੰਗ ਏਰੀਆ ਦੇ ਅੰਤ ਤੱਕ ਸੈਕਟਰ 122/123 ਪਿੰਡ ਮਾਨਣਾ ਨੇੜੇ ਤੱਕ ਬਣਾਈ ਜਾਵੇਗੀ। ਇਸ ਸੜਕ ਦੀ ਲੰਬਾਈ ਸੈਕਟਰ 73/74 ਦੇ ਜੰਕਸਨ ਤੋਂ ਸੈਕਟਰ 122/123 ਦੇ ਜੰਕਸਨ ਤੱਕ ਅੰਦਾਜਨ 7.80 ਕਿਲੋਮੀਟਰ ਹੈ ਅਤੇ 200/150 ਫੁੱਟ ਚੋੜੀ

ਹੋਵੇਗੀ। ਇਸ ਸੜਕ ਦੀ ਉਸਾਰੀ ਲਈ ਅੰਦਾਜਨ 112 ਏਕੜ ਭੋਂ ਦੀ ਪ੍ਰਾਪਤੀ ਕਰਨੀ ਪਵੇਗੀ, ਜਿਸ ਲਈ ਅੰਦਾਜਨ 165 ਕਰੋੜ ਰੁਪਏ ਦੀ ਜਰੂਰਤ ਹੋਵੇਗੀ। ਇਸ ਸੜਕ ਦੀ ਉਸਾਰੀ ਤੇ ਲਗਭਗ 100 ਕਰੋੜ ਰੁਪਏ ਖਰਚਾ ਹੋਣ ਦੀ ਸੰਭਾਵਨਾ ਹੈ।

7. ਇਸ ਸੜਕ ਦੀ ਉਸਾਰੀ ਨਾਲ ਐਨ. ਐਚ.-64 (ਪਿੰਡ ਛੱਤ) ਤੋਂ ਸੈਕਟਰ 73/74 ਦੇ ਜੰਕਸਨ ਤੱਕ ਬਣਾਈ ਜਾ ਰਹੀ 200 ਫੁੱਟ ਚੋੜੀ ਸੜਕ ਦਾ ਐਨ. ਐਚ.-21 (ਮੋਹਾਲੀ-ਖਰੜ) ਅਤੇ ਲੋਕਲ ਪਲੈਨਿੰਗ ਏਰੀਆ ਐਸ. ਏ. ਐਸ. ਨਗਰ ਦੀ ਬਾਊਂਡਰੀ ਤੱਕ ਸਿੱਧਾ ਲਿੰਕ ਬਣ ਜਾਵੇਗਾ ਜਿਹੜਾ ਕਿ ਚੰਡੀਗੜ੍ਹ ਨੂੰ ਵਾਈਪਾਸ ਕਰੇਗਾ ਅਤੇ ਜਿਸ ਨਾਲ ਮੋਹਾਲੀ ਸਹਿਰ ਦੇ ਟਰੈਫਿਕ ਨੂੰ ਵੀ ਕਾਫੀ ਰਾਹਤ ਮਿਲੇਗੀ ਅਤੇ ਗਮਾਡਾ ਵੱਲੋਂ ਇਸ ਸੜਕ ਦੇ ਨਾਲ ਲੱਗਦੇ ਮੈਗਾ ਪ੍ਰੋਜੈਕਟਸ ਨੂੰ ਪੰਜਾਬ ਸਰਕਾਰ ਦੀ ਪਾਲੀਸੀ ਅਨੁਸਾਰ ਪਹੁੰਚ ਸੜਕ ਵੀ ਮੁਹੱਈਆ ਕਰਵਾਈ ਜਾ ਸਕੇਗੀ।

8. ਇਸ ਸੜਕ ਦੀ ਉਸਾਰੀ ਅਤੇ ਜਗ੍ਹਾ ਅੱਕਵਾਇਅਰ ਕਰਨ ਦਾ ਕੰਮ ਗਮਾਡਾ ਵੱਲੋਂ ਦੋ ਫੇਜ ਵਿੱਚ ਜਿਵੇਂ-ਜਿਵੇਂ ਫੰਡਜ ਉਪਲੱਬਧ ਹੋਣਗੇ, ਉਸ ਅਨੁਸਾਰ ਕੀਤਾ ਜਾਵੇਗਾ। ਪਹਿਲੇ ਫੇਜ ਵਿੱਚ ਇਸ ਸੜਕ ਦੀ ਉਸਾਰੀ ਸੈਕਟਰ 73/74 ਦੇ ਜੰਕਸਨ ਤੋਂ ਸੈਕਟਰ 117-118-119-74ਏ ਜੰਕਸਨ ਨੂੰ ਐਨ. ਐਚ.-21 ਤੱਕ ਕੀਤੀ ਜਾਵੇਗੀ ਅਤੇ ਦੂਜੇ ਫੇਜ ਵਿੱਚ ਐਨ. ਐਚ. - 21 ਜੰਕਸਨ ਤੋਂ 122-123 ਜੰਕਸਨ ਪਿੰਡ ਮਨਾਣਾ ਮੋਹਾਲੀ/ਮੁੱਲਾਂਪੁਰ ਦੀ ਬਾਊਂਡਰੀ ਤੱਕ ਸੜਕ ਦੀ ਉਸਾਰੀ ਕੀਤੀ ਜਾਵੇਗੀ।


9. (i) ਪਹਿਲੇ ਫੇਜ ਵਿੱਚ ਉਸਾਰੀ ਜਾਣ ਵਾਲੀ ਸੜਕ ਦੀ ਲੰਬਾਈ ਅੰਦਾਜਨ 2.24 ਕਿਲੋਮੀਟਰ ਹੈ ਅਤੇ ਚੋੜਾਈ 200/150 ਫੁੱਟ ਹੈ। ਇਸ ਸੜਕ ਲਈ ਅੰਦਾਜਨ 28 ਏਕੜ ਭੋਂ ਦੀ ਪ੍ਰਾਪਤੀ ਕਰਨੀ ਪਵੇਗੀ। ਇਸ ਸੜਕ ਦੀ ਉਸਾਰੀ ਲਈ ਲਗਭਗ 35.00 ਕਰੋੜ ਰੁਪਏ ਅਤੇ ਭੋਂ ਪ੍ਰਾਪਤ ਕਰਨ ਲਈ ਲਗਭਗ 40.00 ਕਰੋੜ ਰੁਪਏ ਲੋੜੀਂਦੇ ਹੋਣਗੇ।

(ii) ਦੂਜੇ ਫੇਜ ਵਿੱਚ ਉਸਾਰੀ ਜਾਣ ਵਾਲੀ ਸੜਕ ਦੀ ਲੰਬਾਈ ਅੰਦਾਜਨ 5.56 ਕਿਲੋਮੀਟਰ ਹੈ ਅਤੇ ਚੋੜਾਈ 200 ਫੁੱਟ ਹੈ। ਇਸ ਸੜਕ ਲਈ ਅੰਦਾਜਨ 84 ਏਕੜ ਭੋਂ ਦੀ ਪ੍ਰਾਪਤੀ ਕਰਨੀ ਪਵੇਗੀ।

ਇਸ ਸੜਕ ਦੀ ਉਸਾਰੀ ਲਈ ਲਗਭਗ 65.00 ਕਰੋੜ ਰੁਪਏ ਅਤੇ ਭੌਂ ਪ੍ਰਾਪਤ ਕਰਨ ਲਈ ਲਗਭਗ 125.00 ਕਰੋੜ ਰੁਪਏ ਲੋੜੀਂਦੇ ਹੋਣਗੇ।

10 ਉਕਤ ਸੜਕ ਦੀ ਉਸਾਰੀ ਅਤੇ ਭੌਂ ਪ੍ਰਾਪਤ ਕਰਨ ਲਈ ਗਮਾਡਾ ਕੋਲ ਜਿਵੇਂ-ਜਿਵੇਂ ਫੰਡ ਉਪਲੱਬਧ ਹੋਣਗੇ ਉਸ ਅਨੁਸਾਰ ਖਰਚਾ ਕੀਤਾ ਜਾਵੇਗਾ ਅਤੇ ਇਹ ਖਰਚਾ ਅੱਧਾ ਗਮਾਡਾ ਵੱਲੋਂ ਮੁਹੱਈਆ ਕਰਵਾਇਆ ਜਾਵੇਗਾ ਅਤੇ ਅੱਧਾ ਮੈਗਾ ਪ੍ਰੋਜੈਕਟਾਂ ਦੇ ਪ੍ਰਮੋਟਰਾਂ ਵੱਲੋਂ ਇਕੱਠੇ ਕੀਤੇ ਗਏ ਈ. ਡੀ. ਸੀ. ਚਾਰਜਿਜ ਵਿੱਚੋਂ ਕੀਤਾ ਜਾਵੇਗਾ।

ਉਕਤ ਅਜੰਡਾ ਅਥਾਰਿਟੀ ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।


MULLANPUR
CHANDIGARH
ZIRAKPUR
KHARAR
BANUR
DEPARTMENT OF TOWN & COUNTRY PLANNING, PUNJAB
MASTER PLAN DEVELOPMENT FOR GREATER MOHALI REGION
GREATER MOHALI AREA DEVELOPMENT AUTHORITY (GMADA)
SAS NAGAR PLANNING AREA LAND USE (YEAR 2008-2031)
TO SIRHIND
TO PATIALA
TO ZIRAKPUR
① PROPOSED 200'+150' WIDE ROAD PHASE I SHOWN AS:
② PROPOSED 200' WIDE ROAD 5.55 KM. Phase II SHOWN AS:
200' WIDE Phase II
200' WIDE Phase I

ਏਜੰਡਾ ਆਈਟਮ ਨੰ: 10.11

(ਕਾਰਜਕਾਰੀ ਮੀਟਿੰਗ)

ਵਿਸ਼ਾ: **ਸੈਕਟਰ-60/70 ਅਤੇ 60/ 71 ਨੂੰ ਵੰਡਦੀ ਸੜਕ ਤੋਂ 66 ਕੇ.ਵੀ.ਓਵਰਹੈਡ ਲਾਈਨ ਸਿਫਟ ਕਰਕੇ ਉਸ ਦੀ ਜਗ੍ਹਾਂ ਅੰਡਰ ਗਰਾਉਂਡ ਕੇਬਲ ਪਾਉਣ ਬਾਰੇ।**

ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਸਹਿਰੀ ਵਿਕਾਸ ਨੂੰ ਸੁਚੱਜੇ ਅਤੇ ਯੋਜਨਾਬੰਧ ਤਰੀਕੇ ਨਾਲ ਕਰਨ ਲਈ ਪੰਜਾਬ ਅਰਬਨ ਪਲੈਨਿੰਗ ਅਤੇ ਡਿਵੈਲਪਮੈਂਟ ਐਕਟ 1995 ਅਧੀਨ ਪੁੱਡਾ ਦੀ ਸਥਾਪਨਾ ਕੀਤੀ ਗਈ ਸੀ ਅਤੇ ਇਸ ਉਪਰੰਤ ਪੰਜਾਬ ਅਧੀਨ ਪੈਂਦੀਆਂ ਅਲੱਗ ਅਲੱਗ ਅਰਬਨ ਅਸਟੇਟਾਂ ਤੇ ਉਚੇਚਾ ਧਿਆਨ ਦੇਣ ਲਈ ਇਨ੍ਹਾਂ ਸਹਿਰਾਂ ਵਾਸਤੇ ਲੋਕਲ ਅਰਬਨ ਡਿਵੈਲਪਮੈਂਟ ਅਥਾਰਿਟੀਆਂ ਦੀ ਸਥਾਪਨਾ ਕੀਤੀ ਗਈ ਸੀ। ਇਸੇ ਅਧੀਨ ਮੋਹਾਲੀ ਦੇ ਸੁਚੱਜੇ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ ਇਸ ਐਕਟ ਦੇ ਅਧੀਨ ਗਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ ਸਥਾਪਤ ਕੀਤੀ ਗਈ ਸੀ। ਗਮਾਡਾ ਵੱਲੋਂ ਹੋਂਦ ਵਿੱਚ ਹੋਰਨਾਂ ਤੋਂ ਇਲਾਵਾ ਸੜਕਾਂ ਚੌੜੀਆ ਕਰਨ ਦੇ ਕੰਮ ਵੀ ਸੁਰੂ ਕੀਤੇ ਗਏ ਸਨ। ਇਸੇ ਅਧੀਨ ਗਮਾਡਾ ਵੱਲੋਂ ਹੁਣ ਤੱਕ ਮੇਜਰ ਸੜਕਾਂ ਜਿਨ੍ਹਾਂ ਵਿੱਚ ਮਦਨਪੁਰ ਚੋਂਕ, ਸੈਕਟਰ -62 ਦੇ ਆਲੇ ਦੁਆਲੇ ਦੀਆਂ ਸੜਕਾਂ, ਸੈਕਟਰ-65/65-ਏ , 48 ਦੇ ਨਾਲੋਂ ਲੰਘਦੀ ਸੜਕ ਅਤੇ ਸੈਕਟਰ -66 ਤੋਂ 73 ਦੇ ਦੱਖਣੀ ਪਾਸੇ ਵਾਲੀ ਸੜਕ ਸਾਮਲ ਹਨ। ਇਸੇ ਲੜੀ ਦੇ ਅਧੀਨ ਸੜਕਾਂ ਚੌੜੀਆਂ ਕਰਨ ਦੀ ਵਿਉਂਤਬੰਦੀ ਅਤੇ ਸੰਭਾਵਨਾ ਨੂੰ ਚੈਕ ਕਰਨ ਲਈ ਪੰਜਾਬ ਇਨਫਰਾਸਟਰਕਚਰ ਡਿਵੇਲਪਮੈਂਟ ਬੋਰਡ ਰਾਹੀਂ ਮੈਸ: ਡਿਕਸਨ ਰੌਥਸਚਾਇਲਡ ਕੰਨਸਲਟੈਂਟ ਨੂੰ ਵੀ ਕੰਮ ਅਲਾਟ ਕੀਤਾ ਗਿਆ ਸੀ ਅਤੇ ਉਨ੍ਹਾਂ ਵੱਲੋਂ ਇਸ ਸਬੰਧੀ ਦਿੱਤੀ ਰਿਪੋਰਟ ਵਿੱਚ ਕੁਝ ਸੜਕਾਂ ਨੂੰ ਪਹਿਲ ਦੇ ਆਧਾਰ ਤੇ ਚੌੜਾਕਰਨ ਦੀ ਸਿਫਾਰਸ ਕੀਤੀ ਗਈ ਹੈ ਉਨ੍ਹਾਂ ਵਿੱਚੋਂ ਇੱਕ ਸੜਕ ਸੈਕਟਰ-62/69, 61/70, 60/71 ਅਤੇ 59/72 ਨੂੰ ਵੰਡਦੀ ਸੜਕ ਵੀ ਸੀ। ਇਹ ਸੜਕ ਪੰਜਾਬ ਤੋਂ ਚੰਡੀਗੜ੍ਹ ਵਾਲੀ ਮੇਨ ਰੋਡ ਨੂੰ ਜੋੜਦੀ ਹੋਈ ਮੁਹਾਲੀ ਰੇਲਵੇ ਸਟੇਸਨ ਨੂੰ ਜਾਂਦੀ ਹੈ। ਇੱਥੋਂ ਤੱਕ ਕਿ ਇੰਡਸਟਰੀਅਲ ਏਰੀਏ ਦਾ ਸਾਰਾ ਆਉਣ ਜਾਣ ਦਾ ਭਾਰ ਇਸ ਸੜਕ ਤੇ ਹੀ ਆਉਂਦਾ ਹੈ। ਸੜਕ ਘੱਟ ਚੌੜੀ ਹੋਣ ਕਰਕੇ ਇਸ ਸੜਕ ਤੇ ਚੱਲਣ ਵਾਲੀ ਟ੍ਰੈਫਿਕ ਨੂੰ ਕਾਫੀ ਮੁਸਕਿਲ ਪੇਸ਼ ਆਉਂਦੀ ਹੈ ਅਤੇ ਕਈ ਵਾਰ ਐਕਸੀਡੈਂਟ ਵੀ ਹੋਏ ਹਨ। ਇਸ ਸੜਕ ਨੂੰ ਚੌੜਾ ਕਰਨ ਦੀ ਵਿਊਂਤਬੰਦੀ ਕਰਦੇ ਸਮੇਂ

ਇਹ ਧਿਆਨ ਵਿੱਚ ਆਇਆ ਹੈ ਕਿ ਇਸ ਸੜਕ ਦੇ ਨਾਲ-ਨਾਲ 66 ਕੇ.ਵੀ. ਡਬਲ ਸਰਕਟ ਐਕਸਟਰਾ ਹਾਈ ਟੈਂਨਸਨ ਲਾਈਨ ਲੰਘਦੀ ਹੈ ਜਿਹੜੀ ਕਿ ਟਾਵਰਜ ਉਸਾਰ ਕੇ ਲਗਾਈ ਗਈ ਹੈ। ਇਸ ਲਾਈਨ ਦੀ ਸਹੀ ਸਥਿਤੀ ਚੈਕ ਕਰਨ ਉਪਰੰਤ ਇਹ ਧਿਆਨ ਵਿੱਚ ਆਇਆ ਹੈ ਕਿ ਜੇਕਰ ਇਸ ਸੜਕ ਦੇ ਤਜਵੀਜਤ ਕਰਾਸ ਸੈਕਸਨ ਅਨੁਸਾਰ ਇਸ ਨੂੰ ਚੌੜਾ ਕੀਤਾ ਜਾਂਦਾ ਹੈ ਤਾਂ:-

1. ਜੰਕਸਨ ਸੈਕਟਰ-59/60 ਅਤੇ 71/72 ਤੋਂ ਸਮਸਾਨ ਘਾਟ ਨੇੜੇ ਬਣੇ ਪੁਲ ਤੱਕ ਜਿਸ ਰੋਡ ਨੂੰ ਜੇਕਰ ਸੈਕਟਰ-57-58 ਅਤੇ 59 ਵਾਲੇ ਪਾਸੇ 4.50 ਮੀਟਰ ਤੱਕ ਚੌੜਾ ਕੀਤਾ ਜਾਂਦਾ ਹੈ ਤਾਂ ਸੜਕ ਦੇ ਇਸ ਹਿੱਸੇ ਵਿੱਚ ਲੱਗੇ ਟਾਵਰਾਂ ਵਿੱਚੋਂ ਸਿਰਫ 2 ਟਾਵਰ ਸਿਫਟ ਕਰਨੇ ਪੈਂਦੇ ਹਨ। ਇੰਨ੍ਹਾਂ ਵਿੱਚੋਂ ਇੱਕ ਟਾਵਰ ਸੈਕਟਰ-59 ਦੇ ਕੋਨੇ ਤੇ ਅਤੇ ਦੂਜਾ ਟਾਵਰ ਸਮਸਾਨ ਘਾਟ ਦੇ ਸਾਹਮਣੇ ਲਗਿਆ ਹੋਇਆ ਹੈ(ਨੱਥੀ ਨਕਸੇ ਵਿੱਚ ਇਹ ਟਾਵਰ ੳ ਅਤੇ ਅ ਮਾਰਕ ਕੀਤੇ ਹੋਏ ਹਨ)। ਇਹਨਾਂ ਟਾਵਰਾਂ ਨੂੰ ਸਿਫਟ ਕਰਨ ਬਾਰੇ ਟਰਾਂਸਕੋ ਦੇ ਸਬੰਧਤ ਦਫਤਰ ਨੂੰ ਲਿਖਿਆ ਜਾ ਚੁਕਾ ਹੈ ਅਤੇ ਇਸ ਸਬੰਧੀ ਉਨ੍ਹਾਂ ਵੱਲੋਂ ਤਜਵੀਜ ਤਿਆਰ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਪਹਿਲੇ ਫੇਜ ਵਿੱਚ ਇਹ ਸੜਕ ਜੰਕਸਨ ਸੈਕਟਰ-59/60, 71/72 ਤੋਂ ਬਲੌਂਗੀ ਸੜਕ ਵਾਲੇ ਪਾਸੇ ਬਣੇ ਪੁੱਲ ਤੱਕ ਚੌੜਾ ਕਰਨਾ ਸੰਭਵ ਹੋਵੇਗੀ। ਇਸ ਦੇ ਨਾਲ ਬਾਕੀ ਦੀਆਂ ਲਾਈਨਾਂ ਜਿੰਨ੍ਹਾਂ ਵਿੱਚ ਸਟਰੀਟ ਲਾਈਟ ਅਤੇ 11 ਕੇ.ਵੀ. ਲਾਈਨਾਂ ਹਨ, ਨੂੰ ਸਿਫਟ ਕਰਨ ਵਿੱਚ ਕੋਈ ਦਿੱਕਤ ਨਹੀਂ ਆਵੇਗੀ ਅਤੇ ਇਹ ਕੰਮ ਗਮਾਡਾ ਵੱਲੋਂ ਆਪਣੇ ਪੱਧਰ ਤੇ ਕੀਤੇ ਜਾ ਸਕਣਗੇ। ਟਰਾਂਸਕੋ ਵੱਲੋਂ ਇਨ੍ਹਾਂ ਟਾਵਰਾਂ ਨੂੰ ਸਿਫਟ ਕਰਨ ਦੀ ਤਜਵੀਜ ਬਨਣ ਉਪਰੰਤ ਅਸਲ ਹੋਣ ਵਾਲਾ ਖਰਚੇ ਬਾਰੇ ਪਤਾ ਲੱਗ ਸਕੇਗਾ, ਜਿਹੜਾ ਕਿ ਅੰਦਾਜਨ 20.00 ਲੱਖ ਰੁਪਏ ਦੇ ਆਸ-ਪਾਸ ਹੋਵੇਗਾ।


2. ਉਪਰੋਕਤ ਜੰਕਸਨ ਤੋਂ ਦੂਜੇ ਪਾਸੇ ਜੰਕਸਨ ਸੈਕਟਰ-61/62 ਅਤੇ 69/70 ਤੱਕ ਸੜਕ ਨੂੰ ਤਜਵੀਜਤ ਕਰਾਸ ਸੈਕਸਨ ਦੇ ਮੁਤਾਬਿਕ ਚੌੜਾ ਕਰਨ ਲਈ ਇਸ ਸੈਕਸਨ ਵਿੱਚ ਲੱਗੇ 66 ਕੇ. ਵੀ. ਦੀ ਲਾਈਨ ਨੂੰ ਸਿਫਟ ਕਰਨਾ ਜਰੂਰੀ ਹੈ। ਜਿਸ ਤਰ੍ਹਾਂ ਕਿ ਸੜਕ ਨੂੰ ਚੌੜਾ ਕਰਨ ਤੋਂ ਬਾਅਦ ਦੋਨੋ ਪਾਸੇ 15-15 ਫੁੱਟ ਦੇ ਬਰਮ ਹੀ ਬਚਦੇ ਹਨ। ਇਸ ਲਈ ਇਸ ਲਾਈਨ ਨੂੰ ਓਵਰਹੈਡ ਤਰੀਕੇ ਨਾਲ ਸਿਫਟ ਨਹੀਂ ਕੀਤਾ ਜਾ ਸਕਦਾ। ਸੈਕਟਰਾਂ ਦੇ ਇਸ ਹਿੱਸੇ ਵਿੱਚ ਇਸ ਓਵਰਹੈਡ ਦੀ ਜਗ੍ਹਾਂ ਤੇ ਅੰਡਰਗਰਾਉਂਡ ਕੇਬਲ ਪਾ ਕੇ ਮੌਜੂਦਾ ਲਾਈਨ ਨੂੰ ਡਿਸਮੈਂਟਲ ਕਰਵਾਇਆ ਜਾ ਸਕਦਾ ਹੈ ਅਤੇ ਇਸ

ਕੰਮ ਉਪਰ ਅੰਦਾਜਨ 10.00 ਕਰੋੜ ਰੁਪਏ ਖਰਚ ਹੋਣਗੇ। ਇਸ ਬਾਰੇ ਟਰਾਂਸਕੋ ਦੇ ਸਬੰਧਤ ਦਫਤਰ ਨੂੰ ਤਜਵੀਜ ਅਤੇ ਫਿਜੀਬਿਲਟੀ ਤਿਆਰ ਕਰਨ ਬਾਰੇ ਲਿਖਿਆ ਜਾ ਚੁੱਕਾ ਹੈ।


ਜੇਕਰ ਇਹ ਕੰਮ ਟਰਾਂਸਕੋ ਰਾਹੀਂ ਕਰਵਾਇਆ ਜਾਂਦਾ ਹੈ ਤਾਂ ਉਸ ਕੇਸ ਵਿੱਚ ਉਨ੍ਹਾਂ ਨੂੰ 27.50% ਵਿਭਾਗੀ ਚਾਰਜਿਜ ਜਮ੍ਹਾਂ ਕਰਵਾਉਣੇ ਪੈਣਗੇ ਜਿਹੜੇ ਕਿ ਲਗਭੱਗ 3.00 ਕਰੋੜ ਰੁਪਏ ਬਨਣਗੇ। ਜੇਕਰ ਇਹ ਕੰਮ ਟਰਾਂਸਕੋ ਦੀ ਦੇਖ ਰੇਖ ਵਿੱਚ ਗਮਾਡਾ ਵੱਲੋਂ ਆਪਣੇ ਪੱਧਰ ਤੇ ਕਰਵਾਇਆ ਜਾਂਦਾ ਹੈ ਤਾਂ ਇਸ ਮੰਤਵ ਲਈ ਟਰਾਂਸਕੋ ਨੂੰ ਲਗਭੱਗ 35-40 ਲੱਖ ਰੁਪਏ ਸੁਪਰਵਿਜਨ ਆਦਿ ਦੇ ਤੌਰ ਤੇ ਹੀ ਦੇਣਾ ਪਵੇਗਾ ਅਤੇ ਇਸ ਲਾਈਨ ਨੂੰ ਅੰਡਰਗਾਉਂਡ ਕਰਨ ਵਿੱਚ ਲਗਭੱਗ 10.50 ਕਰੋੜ ਰੁਪਏ ਦਾ ਖਰਚਾ ਆਵੇਗਾ।

3. ਜਿੱਥੋ ਤੱਕ ਇਸ ਸੜਕ ਨੂੰ 62 ਅਤੇ 69 ਸਬੰਧੀ ਸੈਕਟਰਾਂ ਦੇ ਵਿੱਚਕਾਰ ਚੌੜਾ ਕਰਨ ਦਾ ਸਬੰਧ ਹੈ, ਇਸ ਜਗ੍ਹਾਂ ਉਪਰ ਟਾਵਰ ਲਾਈਨਾਂ ਪਹਿਲਾਂ ਹੀ ਕਾਫੀ ਪਿੱਛੇ ਹਨ ਅਤੇ ਇਨ੍ਹਾਂ ਨੂੰ ਸਿਫਟ ਕਰਨ ਦੀ ਜਰੂਰਤ ਨਹੀਂ ਹੈ। ਇਸ ਲਈ ਇਸ ਸੜਕ ਨੂੰ ਸੈਕਟਰ-69ਵਾਲੇ ਪਾਸੇ ਮੌਜੂਦ ਰੁਕਾਵਟਾਂ ਆਦਿ ਨੂੰ ਹਟਾਉਣ ਤੋਂ ਬਾਅਦ ਹੀ ਚੌੜਾ ਕਰਨਾ ਸੰਭਵ ਹੋਵੇਗਾ।

ਉਪਰੋਕਤ ਨੂੰ ਧਿਆਨ ਵਿੱਚ ਰਖਦੇ ਹੋਏ ਏਜੰਡਾ ਕਾਰਜਕਾਰੀ ਮੀਟਿੰਗ ਲਈ ਵਿਚਾਰ ਅਤੇ ਉਪਰੋਕਤ ਅਨੁਸਾਰ ਯੋਗ ਫੈਸਲਾ ਲੈਣ ਲਈ ਪੇਸ ਹੈ ਜੀ।



SECTOR - 68
SECTOR - 69
(A)
SECTOR - 63
SECTOR - 62
SECTOR - 69
SECTOR - 70
(B)
SECTOR - 62
SECTOR - 61
SECTOR - 69
SECTOR - 70
(B)
SECTOR - 62
SECTOR - 61
IACL
COMOUTER
CENTER
SECTOR - 70
SECTOR - 71
(C)
SECTOR - 61
SECTOR - 60
SECTOR - 70
SECTOR - 71
(C)
SECTOR - 61
SECTOR - 60
SECTOR - 71
SECTOR - 72
(D)
SECTOR - 60
SECTOR - 59
SECTOR - 71
SECTOR - 72
PCL
(D)
SECTOR - 60
SECTOR - 59
GURUDWARA
COMMUNITY
CENTER
SECTOR - 72
SECTOR - 73
(E)
SECTOR - 59
SECTOR - 58
SECTOR - 72
SECTOR - 73
(F)
SECTOR - 59
SECTOR - 58
SECTOR - 73
SECTOR - 74
(G)
SECTOR - 58
SECTOR - 57



SECTOR - 68
SECTOR - 69
SECTOR - 63
SECTOR - 62
(A)
SECTOR - 69
SECTOR - 70
SECTOR - 62
SECTOR - 61
(B)
SECTOR - 69
SECTOR - 70
SECTOR - 62
SECTOR - 61
(B)
IACL
COMOUTER
CENTER
SECTOR - 70
SECTOR - 71
SECTOR - 61
SECTOR - 60
(C)
SECTOR - 70
SECTOR - 71
SECTOR - 61
SECTOR - 60
(C)
SECTOR - 71
SECTOR - 72
SECTOR - 60
SECTOR - 59
(D)
SECTOR - 71
SECTOR - 72
PCL
SECTOR - 60
SECTOR - 59
(D)
GURUDWARA
COMMUNITY
CENTER
SECTOR - 72
SECTOR - 73
SECTOR - 59
SECTOR - 58
(E)
SECTOR - 72
SECTOR - 73
SECTOR - 59
SECTOR - 58
(F)
SECTOR - 73
SECTOR - 74
SECTOR - 58
SECTOR - 57
(G)